ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

## ਫ਼ਰੀਡਮ ਫ਼ਾਈਟਰ ਗਿ: ਦਲੀਪ ਸਿੰਘ ਜੀ, ਫੁਲਾਂਵਾਲ

MAR. 1982

ਮਾਰਚ 1982



ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਿਕਟਵਰਤੀ 14-2-82 ਨੂੰ ਅਕਾਲ ਚਲਾਣਾ ਕਰ ਗਏ ।

ਜਨਮ *1898*

www.AKJ.org

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਕਵਨ ਬਨੀ ਰੀ ਤੇਰੀ ਲਾਲੀ | ਆਸਾ ਮਹਲਾ ੫ | ੩ |
| ਸੁਕ੍ਰਿਤ ਕਮਾਈ ਦੀ ਪਵਿੱਤਰਤਾ | ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ | ੪ |
| ਦਿੱਬ ਦ੍ਰਿਸਟਾਈਆਂ ਅੱਖੀਆਂ | " " " | ੬ |
| ਤੂੰ ਹੀ ਤੂੰ – ਵਾਹਿਗੁਰੂ | ਪ੍ਰੋਫੈਸਰ ਸਾਹਿਬ ਸਿੰਘ ਜੀ | ੧੨ |
| ਕੇਸਗੀ ਖਾਲਸਾਈ ਕਕਾਰ ਹੈ ! | ਪ੍ਰਿੰਸੀਪਲ ਗੁਰਮੁਖ ਸਿੰਘ ਜੀ | ੧੪ |
| ਕੇਸਕੀ ਦੀ ਮਹੱਤਤਾ | ਗਿ: ਹਰਬੰਸ ਸਿੰਘ ਜੀ ਤੇਗ | ੧੭ |
| ਭਾਈ ਸਾਹਿਬ ਭਾਈ ਰਣਧੀਰ ਸਿੰਘ-ਸਕਾਲਰਸ਼ਿਪ | – – – | ੧੭ |
| ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ | ਸ: ਚੰਚਲ ਸਿੰਘ ਜੀ, ਨਾਗਪੁਰ | ੧੮ |
| ਰਤੇ ਇਸਕ ਖੁਦਾਇ | ਸ: ਦਲੀਪ ਸਿੰਘ ਜੀ ਬਾਵਾ | ੨੦ |
| ਸਿੱਖੀ ਦੀ ਸ਼ਾਨ–ਕੇਸ | ਸ: ਗੁਰਮੁਖ ਸਿੰਘ ਜੀ ਐਮ. ਏ. | ੨੧ |
| ਆਓ ! ਜ਼ਰਾ ਸੋਚੀਏ | ਸਿਖ ਮਿਸ਼ਨਰੀ ਕਾਲਜ, ਲੁਧਿਆਣਾ | ੨੨ |
| ਖਾਲਸਾ ਜੀ, ਜਾਗੋ | ਸ: ਗੁਰਵਿੰਦਰ ਸਿੰਘ ਜੀ | ੨੫ |
| ਸਤਿਗੁਰੂ ਦਸਮੇਸ਼ ਜੀ ਨੂੰ ਸੁਨੇਹਾ (ਕਵਿਤਾ) | ਗਿ: ਬਲਬੀਰ ਸਿੰਘ ਜੀ ਪ੍ਰੇਮ | ੨੬ |
| ਭੁਲ ਗਏ ਹਾਂ (ਕਵਿਤਾ) | ਸ: ਸਿਮਰਜੀਤ ਸਿੰਘ ਜੀ | ੨੭ |
| ਵੀਚਾਰੂ (ਕਵਿਤਾ) | ਡਾ: ਹਰਦਿਆਲ ਸਿੰਘ ਜੀ | ੨੭ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (ਆਖਰੀ ਕਿਸ਼ਤ ਨੰ: ੩੭) | ਕੈਪਟਨ ਸਵਰਨ ਸਿੰਘ ਜੀ | ੨੮ |
| ਪੂਰਬ ਜਨਮ ਕੇ ਮਿਲੇ ਸੰਜੋਗੀ (੨) | ਪ੍ਰੋਫੈਸਰ ਠਾਕਰ ਸਿੰਘ ਜੀ | ੩੭ |
| ਸਰਕਾਰ ਸਿਖ ਪੰਥ ਨੂੰ ਇਮਤਿਹਾਨ ਵਿਚ ਨਾ ਪਾਵੇ | ਜਥੇਦਾਰ ਅਖੰਡ ਕੀਰਤਨੀ ਜਥਾ | ੪੦ |
| ਗਿਆਨੀ ਦਲੀਪ ਸਿੰਘ ਜੀ ਫੁੱਲਾਂਵਾਲ | – – – | ੪੧ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਗੁਰਿਆਈ | ੨੩ ਮਾਰਚ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੨੬ ਮਾਰਚ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੨੯ ਮਾਰਚ | ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੋਤੀ ਜੋਤਿ | ੨੯ ਮਾਰਚ |
| ਹੋਲਾ ਮਹੱਲਾ | ੧੦ ਮਾਰਚ | | |

## ਅਖੰਡ ਕੀਰਤਨੀ ਜਥਿਆਂ ਵਲੋਂ ਵੈਸਾਖੀ ਦਾ ਕੀਰਤਨ ਸਮਾਗਮ

*ਸ੍ਰੀ ਅੰਮ੍ਰਿਤਸਰ ਵਿਖੇ 10 ਤੋਂ 13 ਅਪ੍ਰੈਲ ਤਕ ਹੋਵੇਗਾ*

*ਰੈਣ ਸਬਾਈ 12 ਰਾਤ ਨੂੰ ਅਤੇ ਸਮਾਪਤੀ 13 ਅਪ੍ਰੈਲ ਦਿਨੇ*

ਪੂਰਾ ਪ੍ਰੋਗਰਾਮ ਅਗਲੇ ਪਰਚੇ ਵਿਚ ਦਿਤਾ ਜਾਵੇਗਾ

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧. ੩. ੮੨ ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬਰ : 51847 ਘਰ : 43094

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

**ਸਲਾਨਾ ਚੰਦਾ**

ਦੇਸ ੧੫-੦੦
ਇਕ ਪਰਚਾ ੧-੨੫

**ਪਰਦੇਸ**

ਸਮੁੰਦਰੀ ਡਾਕ ੩੦-੦੦

ਹਵਾਈ ਡਾਕ

ਅਰਬ, ਮਲਾਇਆ ੪੫-੦੦
ਯੂ. ਕੇ., ਅਫ਼ਰੀਕਾ ੬੦-੦੦
ਕੈਨੇਡਾ, ਅਮਰੀਕਾ ੭੦-੦੦



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ



**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੧੬ ਮਾਰਚ ੧੯੮੨ ਅੰਕ ੩


## ਕਵਨ ਬਨੀ ਰੀ ਤੇਰੀ ਲਾਲੀ

ਲਾਲੁ ਚੋਲਨਾ ਤੈ ਤਨਿ ਸੋਹਿਆ ॥ ਸੁਰਿਜਨ ਭਾਨੀ ਤਾਂ ਮਨੁ ਮੋਹਿਆ ॥
ਕਵਨ ਬਨੀ ਰੀ ਤੇਰੀ ਲਾਲੀ ॥ ਕਵਨ ਰੰਗਿ ਤੂੰ ਭਈ ਗੁਲਾਲੀ ॥੧॥ਰਹਾਉ॥
ਤੁਮ ਹੀ ਸੁੰਦਰਿ ਤੁਮਹਿ ਸੁਹਾਗੁ ॥ ਤੁਮ ਘਰਿ ਲਾਲਨੁ ਤੁਮ ਘਰਿ ਭਾਗੁ ॥੨॥
ਤੂੰ ਸਤਵੰਤੀ ਤੂੰ ਪਰਧਾਨਿ ॥ ਤੂੰ ਪ੍ਰੀਤਮ ਭਾਨੀ ਤੁਹੀ ਸੁਰ ਗਿਆਨਿ॥੩॥
ਪ੍ਰੀਤਮ ਭਾਨੀ ਤਾਂ ਰੰਗਿ ਗੁਲਾਲ ॥
ਕਹੁ ਨਾਨਕ ਸੁਭ ਦ੍ਰਿਸਟਿ ਨਿਹਾਲ ॥੪॥
ਸੁਨਿ ਰੀ ਸਖੀ ਇਹ ਹਮਰੀ ਘਾਲ ॥
ਪ੍ਰਭ ਆਪਿ ਸੀਗਾਰਿ ਸਵਾਰਨਹਾਰ ॥੧॥ਰਹਾਉ॥ਦੂਜਾ

[ਰਾਗੁ ਆਸਾ ਘਰੁ ੭ ਮਹਲਾ ੫, ਪੰਨਾ ੩੮੪




www.AKJ.Org

# ਸੁਕ੍ਰਿਤ ਕਮਾਈ ਦੀ ਪਵਿੱਤਰਤਾ

[ਵਲੋਂ—ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਹਰੇਕ ਪ੍ਰਕਾਰ ਦਾ ਅਨਾਜ ਜੋ ਬੇਦੀਨ ਖਾਂਦੇ ਹਨ ਤਾਂ ਕੀ ਦੀਨਦਾਰ ਨਹੀਂ ਖਾ ਸਕਦੇ । ਇਹ ਦਲੀਲ ਕਿ ਚੂੰਕਿ ਬੇਦੀਨ ਭੀ ਅਨਾਜ ਖਾਂਦੇ ਹਨ, ਇਸ ਕਰਕੇ ਬੇਦੀਨਾਂ ਵਾਲਾ ਯਾ ਬੇਦੀਨਾਂ ਦਾ ਖ਼ਾਸ ਅਨਾਜ ਦੀਨਦਾਰਾਂ ਵਾਸਤੇ ਅਖਾਜ ਅਨਾਜ ਹੈ, ਕੈਸੀ ਭੱਦੀ ਅਤੇ ਲੱਚਰ ਦਲੀਲ ਹੈ । ਹਾਂ, ਜੋ ਇਨਸਾਨ ਹੋ ਕੇ ਮਲੇਛੀ (ਹੈਵਾਨੀ) ਖਾਣਾ ਖਾਂਦੇ ਹਨ, ਅਜਿਹੇ ਬੇਦੀਨ ਮਲੇਛਾਂ ਵਾਲਾ ਮਲੇਛੀ ਖਾਣਾ ਖਾਣਾ, ਜੋ ਕਿ ਅਨੇਕ ਅਤੇ ਅਸੰਖ ਮਲੇਛੀ ਮਨੁਖ : "ਅਸੰਖ ਮਲੇਛ ਮਲੁ ਭਖਿ ਖਾਇ" ਗੁਰਵਾਕ ਦੇ ਭਾਵ ਅਨੁਸਾਰ ਖਾਂਦੇ ਹਨ, ਅਸਾਡੇ ਲਈ ਪਹਿਲਾਂ ਹੀ ਬਿਬਰਜਤ ਹੈ । ਜੇ ਹਰ ਕਿਸਮ ਹਰ ਪ੍ਰਕਾਰ ਦੇ ਖਾਣੇ ਨੂੰ ਛਡ ਕੇ ਬੇਦੀਨਾਂ ਵਾਲੇ ਖਾਸ ਖਾਸ ਖਾਣੇ ਨਾ ਖਾਣ ਤੋਂ ਉਹਨਾਂ ਦਾ ਮਤਲਬ ਹੈ ਤਾਂ ਉਹ ਖਾਸ ਖਾਸ ਖਾਣੇ ਭੀ ਸਿਰਫ ਓਹੀ ਹੋ ਸਕਦੇ ਹਨ, ਜਿਨ੍ਹਾਂ ਦਾ ਖਾਣਾ ਗੁਰਮਤਿ ਅੰਦਰ ਬਿਬਰਜਤ ਹੈ । ਖਾਣਿਆਂ ਦੀ ਖਾਸ ਖ਼ਸੂਸੀਅਤ, ਅਥਵਾ ਖਾਣਿਆਂ ਦੀ ਕਿਸਮ ਦਾ ਗ੍ਰਹਿਣ ਤਿਆਗ ਅਸਾਡੇ ਲਈ ਗੁਰਮਤਿ-ਕਸੌਟੀ ਉਤੇ ਨਿਰਭਰ ਰਖਦਾ ਹੈ, ਨਾ ਕਿ ਆਨ-ਮਤੀਆਂ ਦੀ ਮਨੌਤੀ ਅਤੇ ਰੀਸ ਘੜੀਸ ਦੀ ਉਲਟਾ-ਪੁਲਟੀ ਉਤੇ ਮਬੱਨੀ ਹੈ । ਤਾਂ ਤੇ 'ਵੇਦੀਨਾ ਕਾ ਖਾਣੁ' ਰੂਪੀ ਪੰਗਤੀ ਦੇ ਅਰਥ ਬੇਦੀਨਾਂ ਵਾਲਾ ਖਾਣਾ ਕਰਨੇ ਬਿਲਕੁਲ ਬੇਮਾਅਨੇ ਹਨ । ਅਤੇ ਜੇ 'ਵੇਦੀਨਾ ਕਾ ਖਾਣੁ' ਦੇ ਅਰਥ ਬੇਦੀਨਾਂ ਦੇ ਘਰ ਦਾ ਧਾਨ ਖਾਣ ਦੇ ਲਏ ਜਾਣ, ਜੈਸਾ ਕਿ ਕਈ ਚੁੰਚ-ਗਿਆਨੀ ਅਕਸਰ ਅਰਥ ਲਾਉਂਦੇ ਹਨ ਤਦ ਮੁਫ਼ਤ-ਖ਼ੋਰੇ ਹੋ ਕੇ ਇਸ ਧਾਨ ਦੇ ਖਾਣ ਦਾ ਵਿਧਾਨ ਨਹੀਂ । ਬੇਦੀਨਾਂ ਦੇ ਘਰ ਦਾ ਧਾਨ ਕੀ ? ਕਿਸੇ ਭੀ ਮਨੁਸ਼ ਮਾਤਰ ਦੇ ਘਰ ਦਾ ਧਾਨ, ਭਾਵੇਂ ਦੀਨਦਾਰ ਹੋਵੇ ਭਾਵੇਂ ਬੇਦੀਨ, ਮੁਫ਼ਤ-ਖ਼ੋਰੇ ਹੋ ਕੇ ਖਾਣਾ ਵਰਜਿਤ ਹੈ । ਬਲਕਿ ਹੁਕਮ ਹੈ :—

ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥

ਸਾਰੰਗ ਕੀ ਵਾਰ ਮ: ੧, ਪੰਨਾ ੧੨੪੫

ਸੁਕ੍ਰਿਤ ਕਮਾਈ ਦੀ ਸਫਲ ਘਾਲਣਾ ਦਾ ਧਾਨ ਖਾਣਾ ਹੀ ਸਰੇਸ਼ਟ ਹੈ । ਹਾਂ, ਜੇ ਅਸਾਡੀ ਨਿਜ ਸੁਕ੍ਰਿਤ ਕਮਾਈ ਅੰਦਰ ਧਾਨ ਉਪਜਾਉਣ ਦੀ ਪ੍ਰੋਖੋਂ ਨਹੀਂ ਅਤੇ ਦੇਵਨੇਤ ਅਸਾਡਾ ਐਸੇ ਮੰਡਲ ਵਿਚ ਨਿਵਾਸ ਆਣ ਹੋਇਆ ਹੈ ਜਿਥੇ ਕਿ ਆਨ-ਮਤੀਆਂ ਦੇ ਘਰ ਦੇ ਧਾਨ ਲੈਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ, ਤਦ ਉਸ ਧਾਨ ਨੂੰ ਦੰਮਾਂ ਦੇ ਬਦਲੇ ਬਿਹਾਜ ਕੇ ਯਾ ਹੋਰ ਅੱਟਾ ਸੱਟਾ ਕਰ ਕੇ ਅਤੇ ਫਿਰ ਨਿਜ ਘਾਲਣਾ ਘਾਲ ਕੇ (ਸਜਾ ਬਣਾ ਕੇ) ਉਸ ਧਾਨ ਨੂੰ ਖਾਧਾ ਜਾਵੇ ਤਾਂ ਇਸ ਵਿਚ ਕੋਈ ਹਰਜ ਨਹੀਂ । ਸੁੱਕੀ ਰਸਦ ਕਿਤੋਂ ਭੀ ਮੁਲ ਲੈ ਕੇ ਸਜਾ ਬਣਾ ਕੇ ਛਕੀ ਜਾਵੇ ਤਾਂ ਅਪਰਵਾਣ ਨਹੀਂ । ਹਾਂ ਉਸਦੇ ਸਜਾਵਣ ਬਣਾਵਣ ਉਪਰ ਖਾਲਸ ਘਾਲ ਖਾਲਸੇ ਦੀ ਘਾਲੀ ਹੋਈ ਹੋਵੇ, ਤਦ ਉਸ ਧਾਨ ਤੋਂ ਸਜੇ ਅੰਨ ਪਕਵਾਣ ਦਾ ਖਾਣ ਬੇਦੀਨਾਂ ਕਾ ਖਾਣ ਨਹੀਂ ਹੋ ਸਕਦਾ । ਉਹ ਧਾਨ ਹੀ ਬੇਦੀਨਾਂ ਕਾ ਨਹੀਂ ਰਹਿ ਗਿਆ, ਬਲਕਿ ਓਥੇ ਇਹ ਕਹਿਣਾ ਫਬਦਾ ਹੈ ਕਿ: "ਦਾਣਾ ਪਾਣੀ ਗੁਰੂ ਕਾ ਟਹਿਲ ਭਾਵਨੀ ਤੇ ਸੇਵਾ ਘਾਲਣੀ ਖਾਲਸੇ ਦੀ ।" ਰਿਜ਼ਕ ਰੋਜ਼ੀ ਸੰਬਾਹੁਣਹਾਰਾ ਰਾਜ਼ਕ ਦਾਤਾਰ ਗੁਰੂ ਕਰਤਾਰ ਅਕਾਲ ਪੁਰਖ ਸਿਰਜਣਹਾਰ ਹੈ । ਅਤੇ ਸਿਰਜਣਹਾਰ ਦੇ ਸੰਬਾਹੇ ਰਿਜ਼ਕ ਉਤੇ ਸਫਲ ਘਾਲਣਾ ਘਾਲਣੀ ਖਾਲਸਾ ਜੀ ਦੇ ਘਾਲ ਵਿਰਸੇ ਵਿਚ ਆਉਣ ਕਰਕੇ ਖਾਲਸਾ ਜੀ ਦੀ ਆਪਣੀ ਹੈ । ਏਸ ਸਫਲ ਘਾਲਣਾ ਵਾਲੇ ਸਿਰਜਣਹਾਰੇ ਸੰਬਾਹੇ ਰਿਜ਼ਕ ਦਾ ਖਾਣਾ ਪੀਣਾ ਹੀ ਪਵਿਤਰ ਹੈ, ਜੈਸਾ ਕਿ :—

ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥

ਆਸਾ ਮ: ੧, ਪੰਨਾ ੪੭੨



www.AKJ.Org

ਰੂਪੀ ਗੁਰਵਾਕ ਦਾ ਭਾਵ ਹੈ। ਏਸ ਗੁਰਪ੍ਰਮਾਣ ਦਾ ਇਹ ਭਾਵ ਨਹੀਂ ਜੈਸਾ ਕਿ ਕਈ ਚਗ਼ਲ-ਪੰਥੀ ਅਗਿਆਨੀ ਕੁਮੱਤ-ਮਤੀਏ ਲਾਇਆ ਕਰਦੇ ਹਨ ਕਿ ਜੋ ਕੁਝ ਭੀ ਬਣਿਆ ਹੈ, ਸਭ ਮਨੁਖ ਦੇ ਭਖਛਨ ਖ਼ਾਤਰ ਹੀ ਬਣਿਆ ਹੈ, ਤਾਂਤੇ ਭੱਖ ਅਭੱਖ ਸਭ ਕਿਛ ਖਾਲੈਣਾ ਪਵਿਤਰ ਹੈ। ਇਹ ਨਿਰਾ ਮਨ ਦੀ ਮਤ ਦਾ ਹੋਛਾਪਣ ਹੈ ਅਤੇ ਗੁਰਮਤਿ ਮਤ ਤੋਂ ਉੱਕਾ ਹੀ ਉਲਟ ਹੈ। ਉਨ੍ਹਾਂ ਦੀ ਮੂੜ੍ਹ ਮਤ ਅਨੁਸਾਰ ਕੀ ਬਿਖਿਆ ਦਾ ਖਾਣਾ, ਮਲ-ਭਖ ਦਾ ਖਾਣਾ ਆਦਿਕ ਸਭ ਪਵਿਤਰ ਹੈ ? ਕਦਾਚਿੱਤ ਨਹੀਂ !! ਜੋ ਰਿਜ਼ਕ ਕਰਤਾਰ ਕਾਦਰੀ ਕੁਦਰਤ ਨੇ ਮਨੁਖ ਦੇ ਖਾਣੇ ਯੋਗ ਸੰਬਾਹਿਆ ਹੈ, ਉਸ ਦੇ ਉਪਰ ਸਫਲ ਘਾਲਣਾ ਘਾਲ ਕੇ ਖਾਣਾ ਖਾਲਸਾ ਜੀ ਲਈ ਪਵਿਤਰ ਖਾਣਾ ਹੈ ਅਤੇ ਅਜਿਹਾ, ਕੇਵਲ ਅਜਿਹਾ ਖਾਣਾ ਹੀ ਪਵਿਤਰ ਖਾਣਾ ਹੈ। ਅਜਿਹਾ ਭੁੰਚਣ ਯੋਗ ਪਵਿਤਰ ਖਾਣਾ ਸਭ ਪਵਿਤਰ ਹੈ। ਬਿਖਿਆ, ਬਿਖ, ਹਲਾਹਲ, ਮੁਰਦਾਰ, ਮਲ-ਭਖ ਆਦਿਕ ਅਨੇਕ ਖਾਜ ਅਖਾਜ ਵਸਤੂਆਂ ਹਨ, ਜਿਨ੍ਹਾਂ ਦਾ ਖਾਣਾ ਕਿਸੇ ਹਾਲਤ ਵਿਚ ਭੀ ਮਨੁਖ ਦੇ ਅਹਾਰ ਮਾਤ੍ਰ ਲਈ ਜਾਇਜ਼ ਨਹੀਂ, ਤਾਂ ਪਵਿਤਰ ਕਿਵੇਂ ਹੋ ਗਿਆ ? ਕੀ ਸ਼ਰਾਬ ਮੱਦ ਮਦਰਾ ਦਾ ਖਾਣਾ ਪਵਿਤਰ ਹੈ ? ਕੀ ਚਰਸ ਤੰਬਾਕੂ ਆਦਿਕ ਪੀਣਾ ਪਵਿਤਰ ਹੈ ? ਖਾਣਾ ਪੀਣਾ ਪਵਿਤਰ ਜੁ ਹੋਇਆ ? ਖਾਣ-ਸੂਰੇ ਭੱਖ ਅਭੱਖ ਦੇ ਸਰਬ-ਭੱਖੀ ਆਪਣੀ ਭਖਛਣ ਵਾਦੀ ਦੇ ਮੁਤਾਬਿਕ ਗੁਰ ਪ੍ਰਮਾਣਾਂ ਦੇ ਮਨ-ਮੰਨੇ ਮਤਲਬ ਘੜ ਲੈਂਦੇ ਹਨ। ਇਹ ਨਹੀਂ ਵਿਚਾਰਦੇ ਕਿ ਉਕਤ ਗੁਰਵਾਕ ਕਿਸ ਪਰਥਾਇ ਉਚਾਰਿਆ ਗਿਆ ਹੈ, ਅਤੇ ਉਸ ਦੀ ਅਰਥ-ਭਾਵਨੀ ਬਿਵਸਥਾ ਕੀ ਹੈ। ਸਾਰਾ ਵਾਕ ਵਿਚਾਰਦੇ ਨਹੀਂ, ਇਕ ਤੁਕ ਨੂੰ ਫੜ ਕੇ ਆਪ ਆਪਣੇ ਸੁਆਰਥ ਦੀ ਪਖ-ਪੂਰਤੀ ਕਰਦੇ ਹਨ। ਦੇਖੀਏ, ਇਹ ਸਮੁਚਾ ਹੀ ਵਾਕ, ਜੋ ਕੇਵਲ ਸੂਤਕ ਦੇ ਖੰਡਣ ਪ੍ਰਥਾਇ ਉਚਾਰਿਆ ਗਿਆ ਹੈ, ਅਸੀਂ ਇੰਨ ਬਿੰਨ ਏਥੇ ਉਤਾਰਦੇ ਹਾਂ :—

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜਕੁ ਸੰਬਾਹਿ ॥
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨ੍ਹਾ ਸੂਤਕੁ ਨਾਹਿ॥

ਆਸਾ ਦੀ ਵਾਰ ਮ: ੧, ਪਉੜੀ ੧੮

ਇਸ ਗੁਰਵਾਕ ਅੰਦਰ ਸਿਰਫ਼ ਸੂਤਕ ਦੇ ਪਾਖੰਡ ਦੀ ਭਰਮ-ਨਵਿਰਤੀ ਹੈ। ਸੂਤਕ ਦੇ ਭਰਮ ਕਰਕੇ ਪ੍ਰਸੂਚ ਸਮੇਂ ਜੋ ਹਿੰਦੂ ਮਤ ਦੇ ਪਖੰਡੀ ਜਾਲ ਰਚ ਕੇ ਖਾਣ ਪੀਣ ਨੂੰ ਅਪਵਿਤਰ ਗਟਦਾਨ ਰਖਿਆ ਹੈ, ਇਸ ਭਰਮ-ਬਿਖੰਡੀ-ਪਖੰਡ-ਖੰਡਨੀ-ਗੁਰਵਾਕ ਦੁਆਰਾ ਸੋਈ ਖਾਣ ਪਾਣ ਪਵਿਤਰ ਪਰਵਾਨਿਆ ਗਿਆ ਹੈ। ਜੋਈ ਖਾਣ ਪੀਣ ਪਰਸੂਤ ਤੋਂ ਪਹਿਲਾਂ ਅਥਵਾ ਅਗੇ ਪਿਛੇ ਹਰ ਸਮੇਂ ਪਵਿਤਰ ਹੈ, ਸੋਈ ਪਰਸੂਤ ਦੇ ਸਮੇਂ ਭੀ ਪਵਿਤਰ ਹੈ। ਜੋ ਖਾਣ ਪੀਣ ਹਰ ਸਮੇਂ ਪਵਿਤਰ ਹੈ, ਪਰਸੂਤ ਦੇ ਸਮੇਂ ਅਪਵਿਤਰ ਕਿਉਂ ? ਗੁਰਵਾਕ ਦਾ ਅਭਿਪਰਾ ਇਹੀ ਹੈ ਕਿ ਜਿਵੇਂ ਪਰਸੂਤ ਤੋਂ ਅਗੋਂ ਪਿਛੋਂ ਛਕਦੇ ਛਕਾਉਂਦੇ ਹੋ, ਤਿਵੇਂ ਹੀ ਪਰਸੂਤ ਸਮੇਂ ਛਕੋ ਛਕਾਉ। ਸੂਤਕ ਦੇ ਭਰਮ ਕਰਿ ਖਾਣ ਪੀਣ ਨੂੰ ਅਪਵਿਤਰ ਮਤ ਸਮਝੋ। ਬਲਕਿ ਪਰਸੂਤ ਦੇ ਸਮੇਂ ਭੀ ਖਾਣਾ ਪੀਣਾ ਸਭ ਐਸਾ ਹੀ ਪਵਿਤਰ ਜਾਣੋ, ਜੈਸਾ ਪਰਸੂਤ ਤੋਂ ਅਗੇ ਪਿਛੇ ਜਾਣਦੇ ਹੋ। ਜੋ ਰਿਜ਼ਕ ਰਾਜ਼ਕ ਨੇ ਖਾਣ ਪੀਣ ਰੋਜ਼ੀ-ਨਿਰਬਾਹ ਲਈ ਸੰਬਾਹਿਆ ਹੈ, ਸਭ ਪਵਿਤਰ ਹੈ। ਨਿਰਬਾਹ ਰੋਜ਼ੀ ਨਮਿਤ ਰਾਜ਼ਕ ਦਾ ਸੰਬਾਹਿਆ ਪਵਿਤਰ ਖਾਣ ਪੀਣ ਯੋਗ ਰਿਜ਼ਕ ਪਰਸੂਤ ਕਰਕੇ ਅਪਵਿਤਰ ਨਹੀਂ ਹੋ ਸਕਦਾ। ਪਵਿਤਰ ਪੁਨੀਤ ਕਿਰਿਆ (ਰਹਿਤ ਰਹਿਣੀ) ਵਾਲੇ ਗੁਰਮੁਖਾਂ ਨੂੰ ਅਜਿਹਾ ਸੂਤਕ-ਪਾਤਕ ਲਗਦਾ ਹੀ ਨਹੀਂ, ਕਿਉਂਕਿ ਉਹ ਸਤਿਗੁਰੂ ਦਾ ਹੁਕਮ ਬੁਝ ਕੇ, ਅਰਥਾਰ ਗੁਰਮਤਿ ਬੂਝ ਬਿਬੇਕ ਦੁਆਰਾ ਸਦਾ ਹੀ ਪਵਿਤਰ ਘਾਲਣਾ ਘਾਲ ਕੇ ਅਹਾਰ ਕਰਦੇ ਹਨ।



www.AKJ.Org

ਇਸ ਵਿਚ ਰੰਚਕ ਸੰਦੇਹ ਨਹੀਂ ਕਿ ਖਾਲਸਾ ਜੀ ਦੀ ਕਿਰਤ ਬਿਰਤ ਧਰਮ ਈਮਾਨ ਵਾਲੀ ਕਿਰਸਾਨ ਕਮਾਈ ਦਾ ਕਮਾਇਆ ਸਤਿਗੁਰ ਸੰਬਾਹਿਆ ਰਿਜ਼ਕ ਅਨਾਜ ਜੇ ਖਾਲਸੇ ਜੀ ਦੇ ਹਥੋਂ ਹੀ ਸਜਾਇਆ ਵਰਤਾਇਆ ਛਕਿਆ ਛਕਾਇਆ ਜਾਵੇ ਤਾਂ ਏਸ ਪਵਿਤਰ ਪਰਸ਼ਾਦ ਦੇ ਛਕਣ ਛਕਾਣ ਵਿਚ ਹੋਰ ਵੀ ਖ਼ਾਸ ਕਲਾ ਪਵਿਤਰਤਾਈ ਦੀ ਵਰਤਦੀ ਹੈ। ਅਜਿਹੇ ਪਰਮ ਪਵਿਤਰ ਪਰਸ਼ਾਦ ਦੇ ਜਿਤਨੇ ਵੀ ਗਿਰਾਸ ਹਨ, ਸੋ ਅੰਮ੍ਰਿਤ ਦੇ ਗਟਾਕ ਹਨ। ਅਜਿਹੇ ਅੰਮ੍ਰਿਤ-ਗਿਰਾਸੀ ਗਟਾਕਾਂ ਸਮੇਂ ਜਿਤਨੇ ਭੀ ਸੁਆਸ ਹਨ, ਸਭ ਸਫਲ ਸੁਆਸ ਹਨ; ਕਿਉਂਕਿ ਇਹ ਗਿਰਾਸ ਨਾਮ ਅਭਿਆਸ ਦੀ ਰਹੱਸ-ਕਲਾ ਸੰਯੁਕਤ ਹਨ। ਇਹਨਾਂ ਗਿਰਾਸਾਂ ਵਾਲਾ ਕੋਈ ਸੁਆਸ ਭੀ ਸਿਮਰਨ-ਕਲਾ ਤੋਂ ਵਾਂਜਾ ਬਿਰਥਾ ਨਹੀਂ ਜਾਂਦਾ ਅਤੇ ਇਸੀ ਬਿਬੇਕ-ਗਿਰਾਸੀ-ਅਹਾਰ ਦੇ ਭੁੰਚਣਹਾਰੇ, ਸੁਆਸ ਸੁਆਸ ਸਾਸ ਗਿਰਾਸ ਪ੍ਰੀਤਮ ਪ੍ਰਭੂ ਦੇ ਸਿਮਰਨ-ਹਾਰੇ ਹਨ। ਉਹਨਾਂ ਨੂੰ ਹੀ ਕੇਵਲ ਇਹਨਾਂ (ਅਜਿਹੇ) ਖਿਬੇਕੀ ਜਨਾਂ ਨੂੰ ਗੁਰੂ ਗੁਣਤਾਸ ਸਾਸ ਗਿਰਾਸ ਕਦੇ ਨਹੀਂ ਵਿਸਰਦਾ। ਤਿਨ੍ਹਾ ਦਾ ਖਾਧਾ ਪੈਧਾ ਭੋਗਿਆ ਭੁੰਚਿਆ ਸਭ ਪਵਿਤ੍ਰ ਹੈ, ਜੋ ਗੁਰਮਤਿ ਬਿਬੇਕ ਦੀ ਮਰਯਾਦਾ ਦਾ ਗੁਰਪ੍ਰਸਾਦੀ ਭੋਜਨ ਅਹਾਰ ਭੁੰਚਦੇ ਹਨ। ਯਥਾ ਗੁਰਵਾਕ :—

ਤਿਨ ਕਾ ਖਾਧਾ ਪੈਧਾ ਮਾਇਆ ਸਭੁ ਪਵਿਤੁ ਹੈ ਜੋ ਨਾਮਿ ਹਰਿ ਰਾਤੇ ॥
ਤਿਨ ਕੇ ਘਰ ਮੰਦਰ ਮਹਲ ਸਰਾਈ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸੇਵਕ ਸਿਖ ਅਭਿਆਗਤ ਜਾਇ ਵਰਸਾਤੇ ॥
ਤਿਨ ਕੇ ਤੁਰੇ ਜੀਨ ਖੁਰਗੀਰ ਸਭਿ ਪਵਿਤੁ ਹਹਿ
ਜਿਨੀ ਗੁਰਮੁਖਿ ਸਿਖ ਸਾਧ ਸੰਤ ਚੜਿ ਜਾਤੇ ॥
ਤਿਨ ਕੇ ਕਰਮ ਧਰਮ ਕਾਰਜ ਸਭਿ ਪਵਿਤੁ ਹਹਿ
ਜੋ ਬੋਲਹਿ ਹਰਿ ਹਰਿ ਰਾਮ ਨਾਮੁ ਹਰਿ ਸਾਤੇ ॥
ਜਿਨ ਕੈ ਪੋਤੈ ਪੁੰਨੁ ਹੈ ਸੇ ਗੁਰਮੁਖਿ ਸਿਖ ਗੁਰੂ ਪਹਿ ਜਾਤੇ ॥

ਸੋਰਠਿ ਵਾਰ ਮ: ੩, ਪੰਨਾ ੬੪੮

ਇਹ ਗੁਰਪ੍ਰਮਾਣ ਸਾਖਾ ਭਰਦਾ ਹੈ ਕਿ ਸਾਸ-ਗਿਰਾਸੀ ਨਾਮ ਰਤੇ ਅਭਿਆਸੀ ਪ੍ਰਵਾਣ ਗ੍ਰਿਹਸਤ ਉਦਾਸੀ ਗੁਰਮੁਖ ਜਨਾਂ ਦਾ ਖਾਧਾ ਪੈਧਾ ਸਭ ਪਵਿਤਰ ਅਤੇ ਸਫਲ ਹੈ, ਉਨ੍ਹਾਂ ਦੀ ਸਫਲ ਕਮਾਈ ਦੀ ਮਾਇਆ ਭੀ ਸਭ ਪਵਿਤ੍ਰ ਹੈ, ਉਹਨਾਂ ਦੇ ਘਰ ਦਰ ਮਹਿਲ ਸਰਾਈਂ ਭੀ ਸਭ ਪਵਿਤਰ ਹਨ, ਜਿਥੋਂ ਕਿ ਗੁਰਮੁਖਿ ਸੇਵਕ ਸਿਖ ਅਭਿਆਗਤ ਵਰੋਸਾਉਂਦੇ ਹਨ, ਤਿਨ੍ਹਾਂ ਪਵਿਤਰ ਗ੍ਰਿਹਸਤ-ਧਰਮੀਆਂ ਦੀਆਂ ਅਰਾਕੇ ਆਦਿਕ ਦੀਆਂ ਸਵਾਰੀਆਂ ਭੀ ਸਭ ਪਵਿਤਰ ਹਨ, ਜਿਨ੍ਹਾਂ ਦੇ ਉਤੇ ਗੁਰਮੁਖ ਸਿਖ ਸਾਧ ਸੰਤ ਅਸਵਾਰ ਹੁੰਦੇ ਹਨ। ਤਿਨ੍ਹਾਂ ਦੇ ਕਰਮ ਧਰਮ ਕਾਰਜ ਭੀ ਸਾਰੇ ਹੀ ਪਵਿਤਰ ਹਨ, ਜਿਨ੍ਹਾਂ ਦੇ ਸਾਸ ਗਿਰਾਸ ਅੰਦਰਿ ਹਰ ਛਿਨ ਹਰ ਸਾਤ ਪਲ ਵਿਖੇ ਗੁਰਮਤਿ ਨਾਮ ਹੀ ਪ੍ਰੋਤਾ ਹੈ। ਪ੍ਰੰਤੂ ਅਜਿਹੇ ਵਡਭਾਗੀ ਗੁਰਮੁਖਿ ਸਿਖ ਸਿਰਫ਼ ਸੋਈ ਹੋ ਸਕਦੇ ਹਨ ਜੋ ਭਾਵਨੀ ਭਗਤਿ ਭਾਇ ਗੁਰੂ ਦੁਆਰੇ ਜਾਇ ਕੈ ਗੁਰੂ-ਦੀਖਿਆ ਲੈਂਦੇ ਹਨ ਅਤੇ ਮੁਕਤਿ ਭੁਗਤਿ ਜੁਗਤਿ ਦੇ ਦਾਤੇ ਗੁਰੂ ਪਾਸੋਂ ਨਾਮ ਦੀ ਦਾਤਿ ਇਲਾਹੀ ਪਾ ਕੇ ਅਤੇ ਸੱਚੇ ਸਚਿਆਰ ਗੁਰਮੁਖ ਸਿਖ ਸਜ ਕੇ ਗੁਰੂ ਘਰ ਦੀ ਰਹਿਣੀ ਬਹਿਣੀ ਵਾਲੀ ਬਿਬੇਕ ਕਮਾਈ ਵਾਲੇ ਗੁਰਮੁਖ ਬਿਬੇਕੀ ਜਨ ਬਣਦੇ ਹਨ। ਇਸ ਗੁਰ ਪ੍ਰਮਾਣ ਦੀ ਦੂਜੀ ਤੁਕ ਤੋਂ ਇਹ ਗਲ ਭੀ ਸਪਸ਼ਟ ਨਿਰਣੇ ਹੋ ਗਈ ਕਿ ਪਹਿਲੀ ਤੁਕ ਵਰਣਨ ਕੀਤੀ ਕਮਾਈ ਵਾਲੇ ਗੁਰਮੁਖ ਜਨਾਂ ਦੇ ਘਰ ਹੀ ਗੁਰਮੁਖਿ ਸਿਖ ਜਾਇ ਕੇ ਭੋਜਨ ਖਾਣਗੇ ਅਤੇ ਸਫਲ ਕਮਾਈ ਵਾਲੇ ਉਤਮ ਬਿਬੇਕੀ ਜਨਾਂ ਦੇ ਪਵਿਤਰ ਘਰ ਮੰਦਰ ਮਹਲ ਸਰਾਂ ਵਿਖੇ ਜਾ ਕੇ ਹੀ ਵਰੋਸਾਉਣ ਤ੍ਰਿਪਤਾਉਣਗੇ। ਪਵਿਤਰ ਕਮਾਈ ਵਾਲੇ ਗੁਰਮੁਖਾਂ ਦੇ ਹੱਥੋਂ ਤ੍ਰਿਪਤਾ ਕੇ ਪਵਿਤਰ ਹੋਈਦਾ ਹੈ, ਉਹਨਾਂ ਦੀ ਸਫਲ ਘਾਲਣਾ ਵਾਲੇ ਪਦਾਰਥਾਂ ਤੋਂ



www.AKJ.Org

ਵਰੋਸਾ ਕੇ ਪਵਿਤਰ ਹੋਈਦਾ ਹੈ, ਕਿਉਂਕਿ ਚੌਥੀ ਤੁਕ ਇਸ ਗੁਰਵਾਕ ਦੀ ਦਸਦੀ ਹੈ ਕਿ ਐਸੇ ਗੁਰਮੁਖਿ ਜਨਾਂ ਦੇ ਕਰਮ ਧਰਮ ਕਾਰਜ ਭੀ ਸਭ ਪਵਿਤਰ ਹੀ ਹੁੰਦੇ ਹਨ। ਜਿਨ੍ਹਾਂ ਦੇ ਕਰਮ ਧਰਮ ਕਾਰਜ ਪਵਿਤਰ ਹਨ ਉਹਨਾਂ ਦੇ ਕਮਾਏ ਪਦਾਰਥ ਤਾਂ ਪਵਿਤਰ ਹੋਣੇ ਹੀ ਸਨ। ਅਜਿਹੇ ਪਵਿਤਰ ਪਦਾਰਥਾਂ ਦਾ ਭੁੰਚਣਾ ਭੀ (ਗੁਰਮਤਿ ਬਿਬੇਕ ਜੁਗਤੀ ਅਨੁਸਾਰ ਭੁੰਚਣਾ) ਭੁੰਚਣਹਾਰੇ ਨੂੰ ਅਵੱਸ਼ ਪਵਿਤਰ ਪਾਵਨ ਕਰਦਾ ਹੈ। ਇਸ ਬਿਬੇਕ ਬਿਧੀ ਅਨੁਸਾਰ ਭੋਜਨ ਭੁੰਚਦੇ ਹੋਏ ਸਾਸ ਗਿਰਾਸ ਭਗਤਿ ਅਭਿਆਸ ਬਣੇ ਦੀ ਜੁਗਤਿ, ਅਰਥਾਤ ਸਾਸਿ ਗਿਰਾਸ ਨਾਮ ਅਭਿਆਸ ਨਾ ਵਿਸਾਰਨ ਦੀ ਪੂਰੀ ਜੁਗਤਿ ਸਤਿਗੁਰੂ ਦੇ ਗ੍ਰਿਹ ਵਿਖੇ ਜਨਮ ਲੈ ਕੇ ਸਤਿਗੁਰੂ ਨੂੰ ਭੇਟਣ ਕਰਿ ਹੀ ਪ੍ਰਾਪਤ ਹੁੰਦੀ ਹੈ ਅਤੇ ਇਸ ਬਿਬੇਕ ਬਿਧੀ ਪ੍ਰਥਾਇ ਇਹ ਗੁਰਵਾਕ ਉਚਾਰਨ ਹੋਇਆ ਹੈ :–

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥

ਗੂਜਰੀ ਵਾਰ ਮ: ੫, ਪੰਨਾ ੫੨੨

ਭਾਵ, ਸਤਿਗੁਰੂ ਨੂੰ ਭੇਟਣ ਕਰਿ (ਅੰਮ੍ਰਿਤ ਛਕ ਕੇ ਗੁਰੂ ਘਰ ਵਿਖੇ ਜਨਮ ਲੈਣ ਕਰਿ) ਗੁਰਮਤਿ ਬਿਬੇਕ ਬਿਧੀ ਅਨੁਸਾਰ ਕਮਾਈ ਕਰਦਿਆਂ ਹੋਇਆਂ (ਅਰਥਾਤ, ਗੁਰਮਤਿ ਬਿਬੇਕ ਨੂੰ ਕਮਾਉਂਦਿਆਂ ਹੋਇਆਂ) ਰਾਜ-ਜੋਗ ਮਾਨਣ (ਗ੍ਰਿਹਸਤ ਵਿਚ ਰਹਿ ਕੇ ਭਗਤੀ ਕਮਾਉਣ) ਦੀ ਪੂਰੀ ਜੁਗਤਿ ਬਣਿ ਆਉਂਦੀ ਹੈ ਅਤੇ ਇਸ ਜੁਗਤੀ ਦੇ ਪ੍ਰਾਪਤ ਹੋਣ ਕਰਕੇ ਹੀ, ਗੁਰੂ ਕੇ ਸਿੰਘਾਂ ਦੀ ਗ੍ਰਿਹਸਤ ਮਾਰਗ ਵਿਖੇ ਹੀ ਰਹਿੰਦੇ ਹੋਏ ਹਸਦਿਆਂ ਖੇਡਦਿਆਂ ਪਹਿਨਦਿਆਂ ਖਾਂਦਿਆਂ ਕਲਿਆਣ (ਮੁਕਤੀ, ਸਫਲ ਯਾਤ੍ਰਕ ਮੁਕਤੀ) ਹੋ ਜਾਂਦੀ ਹੈ। 'ਹਸੰਦਿਆ ਖੇਲੰਦਿਆ' ਤੋਂ ਭਾਵ ਆਤਮ-ਵਿਗਾਸ ਦੇ ਅਨੰਦ-ਹੁਲਾਸ ਵਿਚ ਹਰ ਦਮ ਵਿਚਰਦਿਆਂ ਕੇਲ ਕਰੰਦਿਆਂ ਹੈ। ਇਹ ਅਨੰਦ-ਹੁਲਾਸ ਗੁਰਮਤਿ ਸਹਜ ਯੋਗ ਵਾਲੀ ਪ੍ਰੇਮਾ ਭਗਤੀ ਦਾ ਅਵੱਸ਼ਮੇਵੀ ਅਤੇ ਸੁਤੇ ਸਿਧੀ ਸਿੱਟਾ ਤੇ ਸ਼ੁਭ ਲਛਣ ਹੈ। ਆਨਮਤਾਂ ਦੇ ਕਸ਼ਟ-ਯੋਗ ਤੇ ਹਠ-ਬਿਰਤੀਆਂ ਦੀਆਂ ਕੁਮੱਤ ਕੁਰੀਤੀਆਂ ਦੇ ਕੁਚੱਜ ਆਨਮਤ ਕਰਮਚਾਰੀਆਂ (ਕਰਮ-ਕਾਂਡੀਆਂ) ਨੂੰ ਕਦੇ ਵਧਣ ਫੁਲਣ ਤੇ ਖਿੜਨ ਵਿਗਸਨ ਨਹੀਂ ਦਿੰਦੇ ਅਤੇ ਜੋ ਧਰਮ-ਹੀਨ ਬੇਦੀਨ ਭ੍ਰਿਸ਼ਟਾਚਾਰੀ ਹਨ, ਉਹ ਵਿਸ਼ੇ ਵਿਕਾਰਾਂ ਵਿਚ ਲੰਪਟ ਹੋਣ ਨੂੰ ਹੀ ਅਨੰਦ-ਹੁਲਾਸ ਸਮਝਦੇ ਹਨ। ਪਰੰਤੂ ਵਾਸਤਵ ਵਿਚ ਇਹ ਵਿਸ਼ੇ ਵਿਕਾਰ ਬਿਖ ਰੂਪ ਅਤੇ ਦੁਖਦਾਈ ਸੰਸੇ ਸੋਗ ਰੋਗ ਦਾ ਮੂਲ ਕਾਰਨ ਹਨ। ਯਥਾ ਗੁਰਵਾਕ:–

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥੧॥

ਆਸਾ ਮ: ੫, ਪੰਨਾ ੪੦੩

ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ ॥

ਵਾਰ ਸੂਹੀ ਮ: ੩, ਪੰਨਾ ੭੮੫

ਵਿਸ਼ੇ ਵਿਕਾਰਾਂ ਦੇ ਖਿਨ-ਭੰਗਰੀ ਸੁਆਦ ਰਸਾਂ ਦਾ ਨਾਉਂ ਅਨੰਦ-ਹੁਲਾਸ ਧਰ ਲੈਣਾ ਮੂੜ੍ਹ-ਮਤੀਆਂ ਦਾ ਕੰਮ ਹੈ। ਅਸਲ ਅਨੰਦ-ਹੁਲਾਸ ਮੂੜ੍ਹ-ਮਤੀਆਂ ਬੇਦੀਨਾਂ ਧਰਮ-ਹੀਣਾਂ ਨੂੰ ਕਿਥੇ ! ਇਹ ਅਨੰਦ-ਹੁਲਾਸ, ਸੱਚਾ ਅਸਲ ਅਨੰਦ ਗੁਰੂ ਬਾਝੋਂ ਕਦੇ ਵੀ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ।

ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥

ਰਾਮਕਲੀ ਮ: ੩, ਅਨੰਦੁ, ਪੰਨਾ ੯੧੭

ਅਤੇ 'ਪੈਨੰਦਿਆ ਖਾਵੰਦਿਆ' ਤੋਂ ਭਾਵ ਪੈਨ੍ਹਣ ਖਾਣ ਵਿਚ ਖਚਤ ਹੋਣ ਤੋਂ ਨਹੀਂ ਅਤੇ ਨਾ ਹੀ ਪੈਨ੍ਹਣ ਖਾਣ ਦੀ ਮੌਜ ਤੇ ਗੁਲਛਰੇ ਉਡਾਉਣ ਦੀ ਖੁਲ੍ਹ-ਖੇਡ ਤੋਂ ਹੈ, ਕਿੰਤੂ ਗ੍ਰਿਹਸਤ ਧਰਮ ਦੀ ਮਰਯਾਦਾ ਨਿਬਾਹੁਣ



www.AKJ.Org

ਨਮਿਤ ਅਤੇ ਪ੍ਰਵਾਣ ਗ੍ਰਿਹਸਤ ਉਦਾਸ ਦੇ ਗੁਰਮੁਖ ਗਾਡੀ ਰਾਹ ਚਲਾਉਣ ਨਮਿਤ, ਗੁਰਮਤਿ ਅਸੂਲਾਂ ਦੀ ਅਨਕੂਲਤਾ ਅਨੁਸਾਰ ਸਰੀਰ ਦੇ ਛਾਦਨ (ਨੰਗ ਢਕਣ) ਲਈ ਅਤੇ ਉਸਨ-ਸੀਤ ਤੋਂ ਯਥਾ ਬਿਰਤ, ਵਾ ਯਥਾ ਸ਼ਕਤ ਰਖਿਆ ਕਰਨ ਲਈ ਸਾਧਾਰਨ ਸੂਧੇ ਖ਼ਾਲਸਈ ਬਸਤਰ (ਗੁਰਮੁਖੀ ਪੁਸ਼ਾਕੇ) ਪਹਿਰਨ ਤੋਂ ਹੈ। ਅਤੇ ਸਰਦਾ ਬਰਦਾ ਗੁਰਮਤਿ ਬਿਬੇਕ ਦੀ ਬਿਉਂਤ ਬਿਧੀ ਵਾਲਾ ਭੋਜਨ ਖਾਣ ਤੋਂ ਹੈ। ਆਨਮਤੀਆਂ ਨਗਨ-ਪੰਥੀਆਂ (ਨਾਂਗੇ ਅਵਧੂਤਾਂ) ਦੀ ਨਿਆਈਂ ਗੁਰਮਤਿ ਅੰਦਰਿ ਨਗਨ ਰਹਿਣ ਅਤੇ ਬਸਤਰ ਉਤਾਰਿ ਦਿਗੰਬਰ ਹੋਣ ਵਿਚ ਮੁਕਤਿ ਨਹੀਂ ਮੰਨੀ ਗਈ। ਅਤੇ ਨਾ ਹੀ "ਛੋਡਹਿ ਅੰਨੁ ਕਰਹਿ ਪਾਖੰਡ" ਗੁਰਵਾਕ ਦੇ ਭਾਵ ਵਾਲੇ ਅੰਨ-ਤਿਆਗੀਆਂ ਪਖੰਡੀਆਂ ਦੀ ਨਿਆਈਂ ਅਹਾਰ ਭੋਜਨ ਦੇ ਪਾਖੰਡ ਤਿਆਗ ਵਿਚ ਹੀ ਮੁਕਤੀ ਮੰਨੀ ਗਈ ਹੈ ਅਤੇ ਇਸ ਪ੍ਰਕਾਰ ਦੀ ਦਿਗੰਬਰੀ ਅੰਨ-ਅਹਾਰ-ਤਿਆਗ-ਕਿਰਿਆ ਨੂੰ ਗੁਰਮਤਿ ਅੰਦਰਿ ਪਾਖੰਡ ਰੂਪ ਸਮਝਿਆ ਗਿਆ ਹੈ। ਇਸ ਕਰਕੇ ਗੁਰਮਤਿ ਮਾਰਗ ਦੀ ਵਿਸ਼ੇਸ਼ਤਾ, ਸਰੇਸ਼ਟਤਾ ਅਤੇ ਵਿਲੱਖਣਤਾ ਸਿਧ ਕਰਦੇ ਹੋਏ ਇਸ ਗੁਰ ਪ੍ਰਮਾਣ ਦੁਆਰਾ ਅਸੂਲਨ ਸਪੱਸ਼ਟਾਇਆ-ਦ੍ਰਿੜ੍ਹਾਇਆ ਗਿਆ ਹੈ ਕਿ ਖਾਲਸਾ ਧਰਮ ਅੰਦਰਿ ਕਲਿਆਣ-ਮੁਕਤੀ ਦੀ ਪ੍ਰਾਪਤੀ ਨਮਿਤ ਪਹਿਨਣ ਖਾਣ ਦੇ ਪ੍ਰੀ-ਤਿਆਗ ਦੀ ਲੋੜ ਨਹੀਂ, ਕਿੰਤੂ ਗੁਰਮਤਿ ਬਿਬੇਕ ਜੁਗਤੀ ਅਨੁਸਾਰ "ਪੈਨੰਦਿਆ ਖਾਵੰਦਿਆ" ਹੀ ਮੁਕਤ-ਮੋਖ ਨੂੰ ਪ੍ਰਾਪਤ ਹੋ ਸਕੀਦਾ ਹੈ। ਹਾਂ, ਪਹਿਨਣ ਅਤੇ ਖਾਣ ਦੇ ਸੰਜਮ ਜ਼ਰੂਰੀ ਹਨ, ਜਿਨ੍ਹਾਂ ਦਾ ਧਾਰਨ ਕਰਨਾ ਪਰਮ ਜ਼ਰੂਰੀ ਹੈ। ਅਜਿਹਾ ਪਹਿਰਨ ਖਾਵਣ ਪਰਵਾਣ ਨਹੀਂ ਕਿ ਅਹਿਨਿਸ ਪਹਿਰਨ ਖਾਵਣ ਦੇ ਹੋਛੇ ਧੰਦਿਆਂ ਵਿਚ ਖਚਤ ਰਹਿਆ ਜਾਵੇ। ਅਤੇ ਹੋਛੇ ਪਹਿਰਨ ਖਾਣ ਦੀਆਂ ਹੋਛੀਆਂ ਰੰਗ-ਰਲੀਆਂ ਵਿਚ ਲੱਥ-ਪੱਥ ਰਹਿਣ ਕਰਕੇ ਨਾਮ-ਰਹੱਸ ਦੇ ਸੱਚੇ ਰੰਗਾਂ ਤੋਂ ਵਾਂਞੇ ਹੀ ਰਿਹਾ ਜਾਵੇ, ਅਤੇ ਨਾਮ ਦੇ ਵਿਸਰਨ ਕਰਿ ਸਾਰਾ ਪਹਿਨਣ ਖਾਣ ਹੀ ਅਪਵਿਤਰ ਹੈ। ਯਥਾ ਗੁਰਵਾਕ :–

ਸੋ ਕਿਉ ਮਨਹੁ ਵਿਸਾਰੀਐ ਜਾ ਕੇ ਜੀਅ ਪਰਾਣ ॥
ਤਿਸੁ ਵਿਣੁ ਸਭੁ ਅਪਵਿਤ੍ਰੁ ਹੈ ਜੇਤਾ ਪੈਨਣੁ ਖਾਣੁ ॥੪॥ ੫ ॥

ਸਿਰੀ ਰਾਗੁ ਮ: ੧, ਪੰਨਾ ੧੬

ਅਜਿਹੇ ਧ੍ਰਿਗ ਖਾਵਣ ਅਤੇ ਧ੍ਰਿਗ ਪਹਿਰਣ ਕਰਿ ਮੂੰਹ ਅਤੇ ਸਰੀਰ ਦੇ ਸਰਬ ਅੰਗਾਂ ਦੀ ਇਸ ਬਿਧ ਦੁਰਗਤੀ ਹੁੰਦੀ ਹੈ। ਯਥਾ ਗੁਰਵਾਕ :–

ਖਾਂਦਿਆ ਖਾਂਦਿਆ ਮੁਹੁ ਘਠਾ ਪੈਨੰਦਿਆ ਸਭੁ ਅੰਗੁ ॥
ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ ॥

ਗੂਜਰੀ ਵਾਰ ਮ: ੫, ਪੰਨਾ ੫੨੩

ਨਾਮ ਦੇ ਇਸ ਸੱਚੇ ਰੰਗ ਲਗੇ ਬਿਨਾਂ ਅਤੇ ਨਾਮ-ਰੰਗਾਂ ਵਿਚ ਰੰਗੀਜੇ ਬਿਹੂਣ ਨਿਰਾ ਪਹਿਰਨ ਖਾਣ ਵਿਚ ਹੀ ਬਤੀਤ ਹੋਇਆ ਜੀਵਣ ਧ੍ਰਿਗ ਜੀਵਨ ਹੈ। ਜਿਨ੍ਹਾਂ ਦੇ ਅੰਦਰਿ ਸੱਚਾ ਨਾਮ ਨਹੀਂ ਵਸਿਆ, ਉਹ ਚਾਹੇ ਲੱਖ ਨਿਆਮਤਾਂ ਖਾਣ ਅਤੇ ਚਾਹੇ ਕਿਤਨੇ ਭੀ ਵਡਮੁਲੇ ਪਾਟ ਪਟੰਬਰੀ ਅਡੰਬਰ ਕਰਨ, ਪਰ ਸਚੇ ਨਾਮ ਦੇ ਅਭਿਆਸ ਬਿਹੂਣ ਸਭੇ ਟੋਲ ਵਿਣਾਸ ਹਨ। ਜੈਸਾ ਕਿ ਇਸ ਗੁਰਵਾਕ ਦਾ ਭਾਵ ਹੈ :–

ਕਿਆ ਖਾਧੈ ਕਿਆ ਪੈਧੈ ਹੋਇ ॥ ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ ਕੀਜਹਿ ਭੋਗ ਬਿਲਾਸ ॥
ਕਿਆ ਲਸਕਰ ਕਿਆ ਨੇਬ ਖਵਾਸੀ ਆਵੈ ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ ॥ ੨ ॥ ੧੦ ॥

ਵਾਰ ਮਾਝ, ਮ: ੧, ਪੰਨਾ ੧੪੨



www.AKJ.Org

# ਦਿੱਬ ਦ੍ਰਿਸ਼ਟਾਈਆਂ ਅੱਖੀਆਂ
# ਤੇ ਕੰਨਾਂ ਦੇ ਕਪਾਟ ਖੁੱਲ੍ਹਣੇ

[ਵਲੋਂ—ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਚਰਨ ਕੰਵਲਾਂ ਦੇ ਮਉਜਾਰੀ ਜਨ ਨੂੰ ਚਰਨ ਕੰਵਲਾਂ ਦੇ ਰਸ-ਤੇਜ ਮਈ ਜੋਤਿ-ਜਗੰਨੇ ਦਰਸ਼ਨਾਂ ਦੀ ਪ੍ਰਾਪਤੀ ਹੋਣ ਨਾਲ ਹੀ ਪ੍ਰੀਤਮ ਦੀ ਸਮੱਗਰ ਪ੍ਰੇਮਾ ਭਗਤੀ ਦੀ ਬਿਧਿ, ਸੁਤੇ ਸੁਭਾਵ ਹੀ ਬਣਿ ਆਉਂਦੀ ਹੈ। ਜੈਸੇ ਕਿ ਇਸ ਅਗਲੇ ਗੁਰਵਾਕ ਅੰਦਰਿ ਨਿਰੂਪਨ ਹੈ :—

ਮੇਰੇ ਮਨ ਪ੍ਰੀਤਿ ਚਰਨ ਪ੍ਰਭ ਪਰਸਨ ॥
ਰਸਨਾ ਹਰਿ ਹਰਿ ਭੋਜਨ ਤ੍ਰਿਪਤਾਨੀ ਅਖੀਅਨ ਕਉ ਸੰਤੋਖੁ ਪ੍ਰਭ ਦਰਸਨ ॥੧॥ਰਹਾਉ॥
ਕਰਨਨਿ ਪੂਰਿ ਰਹਿਓ ਜਸੁ ਪ੍ਰੀਤਮ ਕਲਮਲ ਦੋਖ ਸਗਲ ਮਲ ਹਰਸਨ ॥
ਪਾਵਨ ਧਾਵਨ ਸੁਆਮੀ ਸੁਖ ਪੰਥਾ ਅੰਗ ਸੰਗ ਕਾਇਆ ਸੰਤ ਸਰਸਨ ॥੧॥
ਸਰਨਿ ਗਹੀ ਪੂਰਨ ਅਬਿਨਾਸੀ ਆਨ ਉਪਾਵ ਥਕਿਤ ਨਹੀ ਕਰਸਨ ॥
ਕਰੁ ਗਹਿ ਲੀਏ ਨਾਨਕ ਜਨ ਅਪੁਨੇ ਅੰਧ ਘੋਰ ਸਾਗਰ ਨਹੀ ਮਰਸਨ ॥੨॥੧੦॥੨੯॥

[ਕਾਨੜਾ ਮਹਲਾ ੫, ਪੰਨਾ ੧੩੦੩

ਭਾਵ :—ਪ੍ਰੀਤਮ ਪ੍ਰਭੂ ਦੇ ਪਾਰਸ ਕਲਾ ਚੁੰਭਕੀ ਚਰਨ ਕੰਵਲ ਘਟ ਅੰਤਰ ਪਰਸਨ ਦੀ ਜੋਤਿ ਸਰਸਨੀ ਅਮਰ ਵਿਥਾਰਤਾ ਕਰਿ, ਰਸਨਾ ਨੂੰ ਨਾਮ ਰਟਣ ਦੀ ਹਰਿ-ਜੋਤਿ-ਰਹੱਸਨੀ ਸੁਤੇ ਸਫੁਰਤ ਚਾਬੀ ਲਗ ਜਾਂਦੀ ਹੈ ਅਤੇ ਇਹ ਰਸ ਅਮੀ ਅਹਿਲਾਦ ਦੇ ਬਿਸਮਾਦ ਸੁਆਦ ਗੀਧੀ ਰਸਨਾ, ਸਿਮਰਨ ਰੂਪੀ ਅੰਮ੍ਰਿਤ ਭੋਜਨ ਸੇਤੀ ਅਹਿਨਿਸ ਅਘਾਈ ਤ੍ਰਿਪਤਾਈ ਰਹਿੰਦੀ ਹੈ ਅਤੇ ਚਰਨ ਕੰਵਲ ਦੇ ਪਾਰਸ-ਪਰਸਨੀ ਪ੍ਰਭਾਵ ਕਰਿ, ਪ੍ਰਭ ਦਰਸ਼ਨ ਕਰਨ ਕਰਾਵਨਹਾਰੀ ਦਿੱਬ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਇਹੋ ਅੱਖੀਆਂ ਦਿੱਬ ਦ੍ਰਿਸ਼ਟਾਈਆਂ, ਅਮੀ ਪ੍ਰੇਮ-ਕਟਾਕਸ਼ਾਈਆਂ ਅੱਖੀਆਂ ਹੋ ਜਾਂਦੀਆਂ ਹਨ। ਏਹਨਾਂ ਅੰਦਰਿ ਪ੍ਰੀਤਮ ਜੋਤੀ ਸਰੂਪ ਦੇ ਪਰਤੱਖ ਦਰਸ਼ਨ ਕਰਨ ਦੀ ਦਿੱਬਤਾ ਸਫੁਟ ਹੋਇ ਆਵੰਦੀ ਹੈ। ਫੇਰ ਤਾਂ ਇਹ ਅੱਖੀਆਂ ਦਰਸ਼ਨ, ਸਾਕਸ਼ਾਤ ਦਰਸ਼ਨ ਕਰਿ ਕਰਿ ਰਜਦੀਆਂ ਨਹੀਂ। ਅਹਿਨਿਸ ਏਹਨਾਂ ਦਿੱਬ-ਪਾਰਸ-ਰਸਾਇਣ-ਪ੍ਰਭੂਤੀ ਦਰਸ਼ਨਾਂ ਨਾਲ ਹੀ ਪੋਖੀਆਂ ਸੰਤੋਖੀਆਂ

---

[ਸਫਾ ੮ ਦੀ ਬਾਕੀ]

ਗੁਰਮਤਿ ਬਿਬੇਕ ਦੀ ਪੂਰਨ ਜੁਗਤੀ ਵਾਲੇ ਗੁਰਮੁਖ ਜਨ ਸਦੀਵ ਹੀ ਅਹਾਰ ਦੇ ਸੰਜਮੀ, ਬਿਬੇਕ ਨਿਯਮ ਵਲੋਂ ਹਰ ਪ੍ਰਕਾਰ ਸੁਚੇਤ ਸਾਵਧਾਨ ਰਹਿਣਗੇ। ਖਾਣ ਪੀਣ ਵਿਚ ਓਹ ਖਚਤ ਹੋ ਹੀ ਨਹੀਂ ਸਕਦੇ। ਉਹਨਾਂ ਨੂੰ ਜੋ ਭੁੰਚਣ ਜੋਗ ਪਦਾਰਥ ਪ੍ਰਾਰਬਧੀ ਭਾਣੇ ਅਨੁਸਾਰ ਅਚਿੰਤੇ ਹੀ ਆਣ ਪ੍ਰਾਪਤ ਹੋਵੇ, ਉਸੇ ਉਤੇ ਸੰਤੁਸ਼ਟ ਰਹਿਣਗੇ ਅਤੇ ਆਪੋਂ ਮਨ-ਬਾਂਛਤ ਪਦਾਰਥਾਂ ਦੀ ਇਛਾ ਆਸਾ ਹੀ ਉਹਨਾਂ ਨੂੰ ਨਹੀਂ ਫੁਰਦੀ, ਜੈਸਾ ਕਿ ਇਸ ਗੁਰਵਾਕ ਰੂਪੀ ਹੁਕਮ ਦਾ ਅਭਿਪਰਾ ਹੈ :—

ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥ ਮਾਰੂ ਮ: ੧, ਪੰਨਾ ੧੦੧੩

ਜਦੋਂ ਕਿ ਬਿਬੇਕੀ ਜਨਾਂ ਨੂੰ 'ਛਾਦਨ ਭੋਜਨ' ਦੀ ਅਕਾਂਖਿਆ ਹੀ ਨਹੀਂ ਫੁਰ ਸਕਦੀ, ਤਦ ਨਾਨਾ ਪਰਕਾਰੀ ਭੋਜਨ ਬਿੰਜਨਾਂ ਦੀ ਨਿਆਮਤੀ ਗੁਲਛੱਰੇ-ਬਾਜ਼ੀ ਵਿਚ ਕਦੇ ਉਹ ਪੈ ਸਕਦੇ ਹਨ ? ਹਾਂ, ਸੁਤੇ ਸਿਧ ਗੁਰੂ ਪਠਾਏ ਗੁਰੂ ਵਰੋਸਾਏ ਜੋ ਅਚਿੰਤੇ ਹੀ ਗੁਰੂ ਭਾਣੇ ਅੰਦਰਿ ਆਣ ਪ੍ਰਾਪਤ ਹੋਣ, ਭਾਵੇਂ ਛਤੀ ਪਰਕਾਰੀ ਭੋਜਨ ਹੋਣ, ਭਾਵੇਂ ਰੁਖੇ ਸੁਖੇ ਭੋਜਨ ਹੋਣ, ਸਭ ਨੂੰ ਇਕਸਾਰ ਅੰਮ੍ਰਿਤ ਰੂਪ ਮੰਨ ਕੇ (ਅੰਮ੍ਰਿਤ ਕਰ ਕੇ) ਹੀ ਵੰਡ ਛਕਣਗੇ ਅਤੇ ਛਕਣਗੇ ਪੂਰਨ ਗੁਰਮਤਿ ਬਿਬੇਕ ਜੁਗਤੀ ਦੇ ਨਿਯਮ ਅਨੁਸਾਰ। ['ਗੁਰਮਤਿ ਬਿਬੇਕ'' ਪੁਸਤਕ ਵਿਚੋਂ



www.AKJ.Org

ਰਹਿੰਦੀਆਂ ਹਨ ਤੇ "ਜੇ ਅਖੜੀਆਂ ਬਿਅੰ ਨਿ ਜਿਨੀ ਡਿਸੰਦੋ ਮਾ ਪਿਰੀ" ਦੀ ਦਸ਼ਾ ਵਾਲੀਆਂ ਹੋ ਜਾਂਦੀਆਂ ਹਨ। ਚਰਨ ਕੰਵਲ ਪਰਸਨ ਦੇ ਪ੍ਰਭਾਵ ਕਰਿ ਸ੍ਵਣਾਂ ਅੰਦਰਿ ਪ੍ਰੀਤਮ ਦਾ ਅਨਹਤ-ਨਾਦੀ-ਅਖੰਡ ਜਸ ਕੀਰਤਨ ਸੁਣਾਈ ਦੇਣ ਲਗ ਪੈਂਦਾ ਹੈ ਅਤੇ ਸਦਾ ਅਖੰਡਾਕਾਰ ਲਿਵ-ਸਰੋਤ-ਧੁੰਨੀ ਵਿਚ ਸੁਣਾਈ ਦਿੰਦਾ ਰਹਿੰਦਾ ਹੈ, ਜਿਸ ਦੇ ਪਾਰਸ ਸੈਕਲੀ ਪ੍ਰਭਾਵ ਕਰਕੇ ਸਾਰੇ ਕਲਮਲ ਦੋਖ ਅਤੇ ਸਾਰੇ ਜਨਮ-ਜਨਮਾਂਤਰੀ ਮੈਲਾਂ-ਦੇ-ਕਾਲਖ-ਦਾਗ ਦੂਰ ਹੋ ਜਾਂਦੇ ਹਨ (ਉਤਰ ਜਾਂਦੇ ਹਨ, ਧੋਤੇ ਜਾਂਦੇ ਹਨ)। ਚਰਨ ਕੰਵਲ ਦੀ ਮਉਜ ਵਾਲੇ ਮਖ਼ਮੂਰ ਜਨ ਦੀ ਡਗਮਗ ਮਸਤਾਨੀ ਚਾਲ ਵਾਲੇ ਪਗ-ਪੰਕਜ, ਸੁਆਮੀ ਸਿਰਜਨਹਾਰ ਦੇ ਸੁਖ ਸੰਪਤੀ ਪੰਥ (ਮਾਰਗ) ਵਲ ਹੀ ਮਧੁਰ ਮਧੁਰ ਮਟਕ ਸਹਿਤ ਧਾਵੰਦੇ ਹਨ ਅਤੇ ਚਰਨ ਕੰਵਲ ਦੀ ਮਉਜ ਵਿਚ ਮਸਤ ਗੁਰਮੁਖ ਸਿਖ ਸੰਤ ਜਨਾਂ ਦੀ ਸਮੁਚੀ ਕਾਇਆਂ ਅੰਗ ਅੰਗ ਸਹਿਤ ਅਮਿਉ ਦਰਸ਼ਨਾਂ ਦੇ ਸੁਧਾਸਰ ਵਿਚ ਨ੍ਹਾਇ ਮਜਨਾਇ ਕੇ ਸਦਾ ਸਰਸੀ ਹਰਸੀ ਰਹਿੰਦੀ ਹੈ। ਇਸ ਬਿਧਿ ਅਬਿਨਾਸੀ ਕਰਤੇ ਪੁਰਖ ਪ੍ਰੀਤਮ ਦੀ ਪੂਰਨ ਸ਼ਰਨ ਵਿਚ ਸਮਾਈਦਾ ਹੈ ਅਤੇ ਇਹ ਪੂਰਨ ਸ਼ਰਨ ਗਹਿ ਕੇ ਆਨ ਉਪਾਵ ਧਾਵ ਅਤੇ ਕਰਨ ਕਰਾਵ ਵਲੋਂ ਰਹਿ ਖਲੋਈਦਾ ਤੇ ਥੱਕ-ਥੰਮ ਖਲੋਈਦਾ ਹੈ। ਗੁਰੂ ਨਾਨਕ ਸਾਹਿਬ ਜੀ ਦੇ ਘਰ ਦੇ ਚਰਨ ਕੰਵਲ ਮੌਜੀ ਗੁਰਮੁਖ ਜਨਾਂ ਨੂੰ ਪ੍ਰੀਤਮ ਪਾਰਬ੍ਰਹਮ ਵਾਹਿਗੁਰੂ ਨੇ ਆਪ ਹੱਥ ਫੜ ਕੇ ਅਪਣਾ ਲਿਆ ਹੈ। ਐਸੇ ਜਨ ਫਿਰ ਅੰਧਘੋਰ ਭੰਵ ਸਾਗਰ ਵਿਚ ਡੁਬ ਕੇ ਨਹੀਂ ਮਰਦੇ।

ਜੋ ਸੰਤ ਜਨ, ਚਰਨ ਕੰਵਲ ਸਰਨਾਈ ਹੀ, ਐਨ ਪ੍ਰਾਇਨਤਾ ਸੇਤੀ ਪਏ (ਪੈ) ਰਹਿੰਦੇ ਹਨ, ਓਹਨਾਂ ਦਾ ਵਾਹਿਗੁਰੂ ਸਦਾ ਹੀ ਸਹਾਈ ਹੁੰਦਾ ਹੈ ਅਤੇ ਸਹਾਈ ਰਹਿੰਦਾ ਹੈ। ਯਥਾ ਗੁਰਵਾਕ:—

ਸੰਤ ਜਨਾ ਕਾ ਸਦਾ ਸਹਾਈ ॥ ਚਰਨ ਕਮਲ ਨਾਨਕ ਸਰਣਾਈ॥ ੪॥੩੯॥੫੦॥

(ਰਾਮਕਲੀ ਮਹਲਾ ੫, ਪੰਨਾ ੮੯੮

ਵਾਹਿਗੁਰੂ ਦੇ ਦਾਸ ਸੇਵਕ ਜਨ, ਜੋ ਉਸ ਦੇ ਚਰਨ ਕੰਵਲਾਂ ਦੀ ਮਉਜ ਦੇ ਰੰਗ ਵਿਚ ਰਤੜੇ ਰਹਿੰਦੇ ਹਨ, ਓਹਨਾਂ ਦੀ ਵਾਹਿਗੁਰੂ ਆਪ ਪੈਜ ਰਖਦਾ ਹੈ। ਯਥਾ ਗੁਰਵਾਕ :—

ਚਰਣ ਕਮਲ ਨਾਨਕ ਰੰਗਿ ਰਾਤੇ ਹਰਿ ਦਾਸਹ ਪੈਜ ਰਖਾਈਐ ॥੨॥੧੪॥੨੯॥

(ਗੂਜਰੀ ਮਹਲਾ ੫, ਪੰਨਾ ੫੦੦

ਵਾਹਿਗੁਰੂ ਦੇ ਚਰਨ ਕੰਵਲ ਸਦਾ ਹੀ ਸੁਖਦਾਈ ਹਨ। ਚਰਨ-ਕੰਵਲ-ਪੁਜਾਰੀਆਂ ਮਉਜਾਰੀਆਂ ਦੀਆਂ ਹਰ ਪ੍ਰਕਾਰ ਦੀਆਂ ਮਨੋ ਕਾਮਨਾਵਾਂ ਇੱਛਿਆਵਾਂ ਨੂੰ ਮਨ-ਚਿੰਦੇ ਫਲ ਲਗਦੇ ਹਨ ਅਤੇ ਉਹਨਾਂ ਦੀ ਕੋਈ ਆਸ ਭੀ ਬਿਰਥੀ ਨਹੀਂ ਜਾਂਦੀ। ਯਥਾ ਗੁਰਵਾਕ :—

ਹਰਿ ਕੇ ਚਰਨ ਸਦਾ ਸੁਖਦਾਈ ॥<br>
ਜੋ ਇਛਹਿ ਸੋਈ ਫਲੁ ਪਾਵਹਿ ਬਿਰਥੀ ਆਸ ਨ ਜਾਈ ॥੧॥ਰਹਾਉ॥੧੫॥੭੯॥

(ਸੋਰਠਿ ਮਹਲਾ ੫, ਪੰਨਾ ੬੨੮

ਚਰਨ ਕੰਵਲ ਰਿਦੇ-ਉਰਿਧਾਰਨੀ-ਸਿਮਰਨ (ਵਾਹਿਗੁਰੂ ਦਾ) ਸਭਿ ਕਿਲਵਿਖ ਦੁਖ ਕਟਣਹਾਰ ਹੈ। ਯਥਾ ਗੁਰਵਾਕ:—ਹਰਿ ਕੇ ਚਰਣ ਰਿਦੈ ਉਰਿ ਧਾਰਿ ॥

ਸਦਾ ਸਦਾ ਪ੍ਰਭੁ ਸਿਮਰੀਐ ਭਾਈ ਦੁਖ ਕਿਲਬਿਖ ਕਾਟਣਹਾਰੁ ॥੧॥ਰਹਾਉ॥੧੯॥੪੭॥

(ਸੋਰਠਿ ਮਹਲਾ ੫, ਪੰਨਾ ੬੨੦

ਚਰਨ ਕੰਵਲ ਆਧਾਰਨੀ ਮਉਜ ਦੀ ਬਚਿਤਰ ਮਹਿਮਾ ਹੇਠਲਾ ਗੁਰਵਾਕ ਕਿਆ ਖੂਬ ਕਰਦਾ ਹੈ:—

ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ ॥<br>
ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ ॥ ੧ ॥



www.AKJ.Org

ਹਰਿ ਕੇ ਚਰਨ ਕਮਲ ਆਧਾਰ ॥
ਸੰਤ ਪ੍ਰਸਾਦਿ ਪਾਇਓ ਸਚ ਬੋਹਿਥੁ ਚੜਿ ਲੰਘਉ ਬਿਖੁ ਸੰਸਾਰੁ ॥੧॥ਰਹਾਉ॥
ਭਏ ਕ੍ਰਿਪਾਲ ਪੂਰਨ ਅਬਿਨਾਸੀ ਆਪਹਿ ਕੀਨੀ ਸਾਰ ॥
ਪੇਖਿ ਪੇਖਿ ਨਾਨਕ ਬਿਗਸਾਨੋ ਨਾਨਕ ਨਹੀ ਸੁਮਾਰ ॥ ੨ ॥ ੧੦ ॥ ੩੮ ॥

ਸੋਰਠਿ ਮਹਲਾ ੫, ਪੰਨਾ ੬੧੮

ਵਿਆਖਿਆ—ਅਥਾਹ ਅਭਿਆਸ ਕਮਾਈ ਦੁਆਰਾ ਨਾਮ ਰੂਪੀ ਸੱਚੇ ਧਨ ਦਾ ਇਕੱਤਰ ਕੀਤਾ ਹੋਇਆ ਖਜ਼ਾਨਾ, ਚਰਨ ਕੰਵਲ ਆਧਾਰ ਮਈ ਅਗਮ ਅਪਾਰ ਅਤੇ ਅਖੁੱਟ ਪੂੰਜੀ ਹੈ, ਜਿਸ ਦੀ ਬਰਕਤ ਕਰਕੇ ਅਤੇ ਜਿਸ ਨੂੰ ਭੁੰਚ ਕੇ ਚਰਨ ਕੰਵਲ-ਆਧਾਰੀ ਨਾਮ ਨਿਰੰਕਾਰੀ ਦੇ ਅਭਿਆਸੀ ਜਨਾਂ ਦੇ ਸਮੂਹ ਸਿਖ ਪਰਵਾਰ, ਆਤਮ-ਸੁਖ ਮਈ ਆਨੰਦ ਬਿਨੋਦੀ ਰੰਗ-ਰਲੀਆਂ ਮਾਣਦੇ ਹਨ ਅਤੇ ਸਦ-ਜੀਵਨੀ ਅਮਰ ਜੀਵਨ ਬਤੀਤ ਕਰਦੇ ਹਨ । ਵਾਹਿਗੁਰੂ ਦੇ ਚਰਨ ਕੰਵਲਾਂ ਦੇ ਆਧਾਰ ਦਾ ਸੱਚਾ ਬੋਹਿਥਾ ਜਿਨ੍ਹਾਂ ਨੂੰ ਸਤਿਸੰਗਤ ਸਤਿਗੁਰੂ ਦੇ ਪ੍ਰਸਾਦਿ ਕਰਕੇ ਮਿਲ ਗਿਆ ਹੈ, ਓਹ ਇਸ ਬੋਹਿਥ ਤੇ ਚੜ੍ਹ ਕੇ ਬਿਖ-ਸੰਸਾਰ ਤੋਂ ਪਾਰ ਉਤਰ ਗਏ ਹਨ, ਅਤੇ ਜੋ ਕੋਈ ਭੀ ਇਸ ਬੋਹਿਥ ਤੇ ਚੜ੍ਹੇਗਾ ਸੋ ਅਵੱਸ਼ ਭਵਜਲ ਤੋਂ ਪਾਰ ਪਏਗਾ । ਅਬਿਨਾਸੀ ਕਰਤਾ ਪੁਰਖ ਪੂਰਨ ਕਿਰਪਾਲੂ ਦਿਆਲੂ ਹੋ ਕੇ ਆਪ ਹੀ ਆਪਣੇ ਭਗਤ ਜਨਾਂ ਦੀ ਸਾਰ ਲੈਂਦਾ ਹੈ । ਸਾਰ ਭੀ ਲੈਂਦਾ ਹੈ ਤਾਂ ਸਨਮੁਖ ਸਾਂਗੋ ਪਾਂਗ ਖਲੋ ਕੇ, ਵਿਚ ਖਲੋ ਕੇ ਲੈਂਦਾ ਹੈ । ਕਰਤੇ ਪੁਰਖ ਨੂੰ ਵਿਚ, ਦਿੱਬ ਲੋਇਣਾਂ ਦੇ ਸਨਮੁਖ ਖਲੋਤਾ ਦੇਖ ਕੇ ਭਗਤ ਜਨ ਵਿਗਸ ਵਿਗਸ ਕੇ ਐਤਨਾ ਆਨੰਦਤ ਹੁੰਦੇ ਹਨ ਕਿ ਉਸ ਆਨੰਦ-ਵਿਗਾਸ ਦਾ ਸੁਮਾਰ ਪਾਰਾਵਾਰ ਹੀ ਨਹੀਂ ਪਾਇਆ ਜਾ ਸਕਦਾ, ਸੱਚ ਮੁੱਚ ਚਰਨ ਕੰਵਲ ਕੀ ਮਉਜ ਦਾ ਅਨੰਦ ਅਕਹਿ ਹੈ । ਕੋਈ ਕਹੇ ਤਾਂ ਕੀ ਕਹੇ ? ਜਿਨ੍ਹਾਂ ਨੇ ਇਹ ਅਨੰਦ ਮਾਣਿਆ ਨਹੀਂ, ਓਹਨਾਂ ਨੂੰ ਪਤੀਜ ਕਿਵੇਂ ਆਵੇ ? ਕਹਿਣ ਮਾਤਰ ਤੋਂ ਕੋਈ ਨਹੀਂ ਪਤਿਆਉਂਦਾ, ਜਦ ਤਾਈਂ ਕਿ ਓਹ ਖ਼ੁਦ ਤਜਰਬਾ ਕਰ ਕੇ ਨਾ ਦੇਖ ਲਵੇ । ਬਾਹਜ ਦ੍ਰਿਸ਼ਟੀ ਵਾਲਿਆਂ ਨੂੰ ਬਾਹਜ ਪਦਾਰਥਾਂ ਦੀ ਹੋਂਦ ਉਤੇ ਹੀ ਪਰਤੀਤ ਆਉਂਦੀ ਹੈ । ਦਿੱਬ ਪਦਾਰਥਾਂ ਨੂੰ ਦ੍ਰਿੱਬ ਦ੍ਰਿਸ਼ਟੀ ਹੀ ਤਹਿਕੀਕ (ਪਛਾਣ, Realize) ਕਰ ਸਕਦੀ ਹੈ । ਬਾਹਜ ਮੁਖੀ ਦ੍ਰਿਸ਼ਟੀ ਵਾਲਿਆਂ ਦੇ ਨਿਕਟ ਹੱਡ, ਚੰਮ, ਮਾਸ ਵਾਲੇ ਚਰਨਾਂ ਤੋਂ ਛੁਟ ਦਿੱਬ ਮੂਰਤਿ, ਜੋਤਿ ਮੂਰਤਿ ਚਰਨਾਂ ਦੀ ਹੋਂਦ ਅਣਹੋਂਦ ਹੈ, ਪਰੰਤੂ ਜਿਨ੍ਹਾਂ ਵਡਭਾਗੇ ਗੁਰਮੁਖ ਜਨਾਂ ਦੀ ਨਾਮ ਅਭਿਆਸ ਕਮਾਈ ਦੁਆਰਾ ਅੰਤਰ-ਆਤਮੇ ਦੀ ਦਿੱਬ ਦ੍ਰਿਸ਼ਟੀ ਖੁੱਲ੍ਹ ਗਈ ਹੈ, ਓਹਨਾਂ ਨੂੰ ਜੋਤਿ ਕ੍ਰਾਂਤੀ ਦਿਬ ਲਤੀਫ਼ੀ ਚਰਨ ਕੰਵਲਾਂ ਦੇ ਝਲਕਾਰੇ ਖਿਨ ਖਿਨ ਘਟ ਅੰਤਰ ਹੀ ਵਜਦੇ ਰਹਿੰਦੇ ਹਨ । ਉਹ ਸਦੀਵ ਹੀ ਮਹਾਂ ਆਨੰਦ ਬਿਨੋਦੀ ਆਤਮ-ਕੇਲ-ਰੰਗਾਂ ਵਿਚ ਚਰਨ ਕੰਵਲਾਂ ਦੀ ਮਉਜ ਦਾ ਲੁਤਫ਼ ਲੈਂਦੇ ਰਹਿੰਦੇ ਹਨ । ਯਥਾ ਗੁਰਵਾਕ:—

ਨੀਚੇ ਲੋਇਨ ਕਰਿ ਰਹਉ ਲੇ ਸਾਜਨ ਘਟ ਮਾਹਿ ॥
ਸਭਿ ਰਸ ਖੇਲਉ ਪੀਅ ਸਉ ਕਿਸੀ ਲਖਾਵਉ ਨਾਹਿ ॥੨੩੪॥

(ਸਲੋਕ ਕਬੀਰ ਜੀਉ, ਪੰਨਾ ੧੩੭੭

ਦੇ ਗੁਰਵਾਕ ਅਨੁਸਾਰ ਆਪਣਾ ਗੁਪਤ ਆਤਮ-ਅਨੰਦ ਕੇਲ ਰਚਾਈ ਰਖਦੇ ਹਨ ਅਤੇ ਕਿਸੇ ਨੂੰ ਲਖਾਉਂਦੇ ਜਣਾਉਂਦੇ ਨਹੀਂ । ਏਹ ਓਹਨਾਂ ਦੀ ਅਜਰ ਜਰਨ ਅਵਸਥਾ ਦੀ ਤਤ-ਲਖਤ ਪਰਖ ਕਸਉਟੀ ਹੈ ਅਤੇ ਚਰਨ ਕੰਵਲ ਦੀ ਮਉਜ ਦਾਂ ਅਜਰ ਜਰਿਆ ਅਉਜ ਹੈ ।

(ਪੁਸਤਕ 'ਚਰਨ ਕਮਲ ਕੀ ਮਉਜ' ਵਿਚ


www.AKJ.Org

# ਤੂੰ ਹੀ ਤੂੰ—ਵਾਹਿਗੁਰੂ

[ਵਲੋਂ—ਪ੍ਰੋਫ਼ੈਸਰ ਸਾਹਿਬ ਸਿੰਘ ਜੀ ਡੀ. ਲਿਟ.[

ਤੁਸੀ ਰੇਲ-ਗੱਡੀ ਵਿਚ ਸਫ਼ਰ ਕਰ ਰਹੇ ਹੋ, ਗੱਡੀ ਦੇ ਪਹੀਆਂ ਦਾ ਖੜਾਕ ਸੁਣਨਾ ਸ਼ੁਰੂ ਕਰੋ। ਪਹਿਲਾਂ ਕੁਝ ਖਰ੍ਹਵਾ ਜਿਹਾ ਜਾਪੇਗਾ। ਪਰ ਤੁਸੀ ਇਸ ਦੇ ਨਾਲ 'ਤੂੰ ਹੀ ਤੂੰ' 'ਵਾਹਿ-ਗੁਰੂ' ਦੀ ਸੁਰ ਰਲਾ ਦਿਉ। ਵੇਖੋ, ਕੈਸੀ ਮਸਤੀ-ਭਰੀ ਮੌਜ ਬਣ ਜਾਂਦੀ ਹੈ।

ਤੁਸੀ ਟਾਂਗੇ ਤੇ ਬੈਠੇ ਹੋ। ਘੋੜੇ ਦੇ ਟਾਪਾਂ ਵਲ ਕੰਨ ਲਾ ਦਿਉ। ਤੇ, ਟਾਪਾਂ ਦੇ ਤਾਲ ਨਾਲ ਆਪਣੇ ਅੰਦਰ ਧੁਨੀ ਛੇੜ ਦਿਉ 'ਤੂੰ ਹੀ ਤੂੰ' ਦੀ। ਸਾਥੀ ਰਾਹੀਆਂ ਦੀਆਂ ਗੱਪਾਂ ਵਲੋਂ ਹਟ ਕੇ ਆਪਣੇ ਆਪ ਤੁਹਾਡਾ ਮਨ 'ਤੂੰ ਹੀ ਤੂੰ' ਦੀ ਮੌਜ ਵਿਚ ਜੁੜ ਜਾਏਗਾ।

ਤੁਸੀ ਪੈਦਲ ਤੁਰੇ ਜਾ ਰਹੇ ਹੋ। ਮਨ ਕਦੇ ਵਿਹਲਾ ਤਾਂ ਰਹਿ ਨਹੀਂ ਸਕਦਾ, ਕਈ ਫੁਰਨੇ ਇਸ ਦੇ ਅੰਦਰ ਉੱਠਦੇ ਰਹਿੰਦੇ ਹਨ। ਪਰ ਤੁਸੀ ਆਪਣੇ ਪੈਰਾਂ ਦੇ ਤਾਲ ਨਾਲ ਆਪਣੇ ਅੰਦਰ 'ਤੂੰ ਹੀ ਤੂੰ' 'ਵਾਹਿ-ਗੁਰੂ' ਦੀ ਸੁਰ ਛੇੜ ਦਿਉ। ਵੇਖੋ, ਕੈਸੇ ਸੌਖੇ ਤਰੀਕੇ ਨਾਲ ਪੈਂਡਾ ਮੁੱਕਦਾ ਹੈ!

ਤੁਸੀ ਕਿਸੇ ਪਹਾੜੀ ਨਦੀ ਦੇ ਕੰਢੇ ਬੈਠੇ ਹੋ। ਪੱਥਰਾਂ ਨਾਲ ਵੱਜਦੇ ਪਾਣੀ ਦੇ ਖੜਾਕ ਨਾਲ ਤੁਸੀ 'ਤੂੰ ਹੀ ਤੂੰ' ਰਲਾ ਦਿਉ। ਵੇਖੋ, ਕੈਸੀ ਮਸਤੀ ਦੀ ਹਾਲਤ ਬਣਦੀ ਹੈ! ਦੁਨੀਆ ਤੇ ਦੁਨੀਆ ਦੇ ਸਾਰੇ ਚਿੰਤਾ-ਫ਼ਿਕਰ ਕਿਤੇ ਜਾਂਦੇ ਨਹੀਂ ਲੱਭਦੇ।

ਰਾਤ ਨੂੰ ਸੌਣ ਵੇਲੇ ਤੁਸੀ ਆਪਣੇ ਮੰਜੇ ਤੇ ਲੇਟੇ ਹੋ। ਅੰਦਰ ਬਾਹਰ ਆਉਂਦੇ ਜਾਂਦੇ ਆਪਣੇ ਸਾਹ ਦੇ ਨਾਲ ਤੁਸੀ 'ਤੂੰ ਹੀ ਤੂੰ' 'ਵਾਹਿ-ਗੁਰੂ' ਦੀ ਸੁਰ ਮੇਲ ਦਿਉ। ਵੇਖੋ, ਕੀ ਮੌਜ ਬਣਦੀ ਹੈ!

ਤੁਸੀ ਵਗਦੇ ਖੂਹ ਦੀ ਗਾਧੀ ਤੇ ਬੈਠੇ ਹੋ। ਖੂਹ ਦਾ ਰਾਗ ਸੁਣੋ, ਤੇ ਉਸ ਰਾਗ ਦੇ ਨਾਲ ਆਪਣੇ 'ਵਾਹਿ-ਗੁਰੂ' ਨੂੰ ਜੋੜ ਦਿਉ। ਫਿਰ ਇਉਂ ਜਾਪੇਗਾ ਕਿ—

ਹਰਹਟ ਭੀ ਤੂੰ ਤੂੰ ਕਰਹਿ, ਬੋਲਹਿ ਭਲੀ ਬਾਣਿ॥

ਆਪਣਾ ਮਾਲਕ ਆਪਣੇ ਕੋਲ ਬੈਠਾ ਜਾਪੇਗਾ। ਉਚੀ ਬੋਲਣ ਨੂੰ ਜੀਅ ਜਹੀਂ ਕਰੇਗਾ।

ਸਾਹਿਬੁ ਸਦਾ ਹਦੂਰਿ ਹੈ, ਕਿਆ ਉਚੀ ਕਰਹਿ ਪੁਕਾਰ॥ [ਸਲੋਕ ਵਾਰਾਂ ਤੇ ਵਧੀਕ, ਮ: ੩

ਬੱਸ! ਇਸ ਤਰ੍ਹਾਂ ਤੁਰਦਿਆਂ-ਫਿਰਦਿਆਂ, ਉੱਠਦਿਆਂ ਬੈਠਦਿਆਂ, ਕੰਮ-ਕਾਰ ਕਰਦਿਆਂ ਖਸਮ-ਪ੍ਰਭੂ ਨੂੰ ਗਲੇ ਦਾ ਹਾਰ ਬਣਾਣਾ ਹੈ। ਸਾਹਿਬ ਪੰਚਮ ਪਾਤਿਸ਼ਾਹ ਫ਼ੁਰਮਾਂਦੇ ਹਨ:—

ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥੧॥
ਸ੍ਰਵਨ ਸੁਨੀਜੈ ਅੰਮ੍ਰਿਤ ਕਥਾ॥
ਜਾਸੁ ਸੁਨੀ ਮਨਿ ਹੋਇ ਅਨੰਦਾ, ਦੂਖ ਰੋਗ ਮਨ ਸਗਲੇ ਲਥਾ॥੧॥ਰਹਾਉ॥
ਕਾਰਜਿ ਕਾਮਿ ਬਾਟ ਘਾਟ ਜਪੀਜੈ॥ ਗੁਰਪ੍ਰਸਾਦਿ ਹਰਿ ਅੰਮ੍ਰਿਤੁ ਪੀਜੈ॥੨॥
ਦਿਨਸੁ ਰੈਨਿ ਹਰਿ ਕੀਰਤਨੁ ਗਾਈਐ॥ ਸੋ ਜਨੁ ਜਮ ਕੀ ਵਾਟ ਨ ਪਾਈਐ॥੩॥
ਆਠ ਪਹਰ ਜਿਸੁ ਵਿਸਰੈ ਨਾਹੀ॥ ਗਤਿ ਹੋਵੈ ਨਾਨਕ ਤਿਸ ਲਗਿ ਪਾਈ॥੪॥੬੧॥ [ਆਸਾ ਮ: ੫

ਇਥੇ ਇਕ ਹੋਰ ਗੱਲ ਦਾ ਭੀ ਧਿਆਨ ਰੱਖਣਾ ਹੈ। ਕਿਰਸਾਣ ਆਪਣੇ ਫ਼ਸਲ-ਬੰਨੇ ਦੀ ਰਾਖੀ ਆਦਿਕ ਦਾ ਖਿਆਲ ਤਾਂ ਹਰ ਵੇਲੇ ਰੱਖਦਾ ਹੈ, ਪਰ ਜਿਸ ਨੇ ਬੀਜਣ ਵੇਲੇ ਵੱਤਰ ਦਾ ਵੇਲਾ ਭੀ ਖੁੰਝਾ ਦਿੱਤਾ ਹੋਵੇ, ਉਸ ਦਾ ਫ਼ਸਲ ਬਣਨਾ ਹੀ ਕਿੱਥੋਂ ਹੋਇਆ? ਅੱਠੇ ਪਹਿਰ ਪਰਮਾਤਮਾ ਦੇ ਚਰਨਾਂ ਦਾ ਧਿਆਨ ਰੱਖਣਾ—ਇਹ ਅਸਲ ਵਿਚ ਨਾਮ-ਫ਼ਸਲ ਦੀ ਰਾਖੀ ਤੇ ਪਰਵਰਿਸ਼ ਹੈ। ਇਸ ਦੇ ਬੀਜਣ ਦਾ ਅਸਲੀ ਸਮਾ ਹੈ ਅੰਮ੍ਰਿਤ ਵੇਲਾ, ਪਰਭਾਤ ਦਾ ਵੇਲਾ, ਜਦੋਂ ਚਿੜੀ ਚੂਹਕਦੀ ਹੈ, ਤੇ ਰੱਬ ਦੇ ਆਸ਼ਿਕਾਂ ਦੇ ਅੰਦਰ ਸਿਮਰਨ ਦੇ ਤਰੰਗ



www.AKJ.Org

ਉੱਠਦੇ ਹਨ— ਚਿੜੀ ਚੁਹਕੀ, ਪਹੁ ਫੁਟੀ, ਵਗਨਿ ਬਹੁਤੁ ਤਰੰਗ ॥
ਅਚਰਜ ਰੂਪ ਸੰਤਨ ਰਚੇ, ਨਾਨਕ ਨਾਮਹਿ ਰੰਗ ॥੧॥੬॥ [ਗਉੜੀ ਕੀ ਵਾਰ ਮ: ੫

[ਪਦ ਅਰਥ :—ਚੁਹਕੀ—ਬੋਲੀ । ਪਹੁ ਫੁਟੀ—ਪਹੁ ਫੁਟਾਲਾ ਹੋਇਆ, ਅੰਮ੍ਰਿਤ-ਵੇਲਾ ਹੋਇਆ। ਤਰੰਗ—ਲਹਿਰਾਂ, ਸਿਮਰਨ ਦੇ ਤਰੰਗ । ਨਾਮਹਿ—ਨਾਮ ਵਿਚ ।

ਅਰਥ :—ਜਦੋਂ ਪਹੁ-ਫੁਟਾਲਾ ਹੁੰਦਾ ਹੈ ਤੇ ਚਿੜੀ ਚੂਕਦੀ ਹੈ, ਉਸ ਵੇਲੇ (ਭਗਤ ਦੇ ਹਿਰਦੇ ਵਿਚ ਸਿਮਰਨ ਦੇ) ਤਰੰਗ ਬਹੁਤ ਉੱਠਦੇ ਹਨ। ਹੇ ਨਾਨਕ ! ਜਿਨ੍ਹਾਂ ਗੁਰਮੁਖਾਂ ਦਾ ਪਰਮਾਤਮਾ ਦੇ ਨਾਮ ਵਿਚ ਪਿਆਰ ਹੁੰਦਾ ਹੈ ਉਹਨਾਂ ਨੇ (ਇਸ ਪਹੁ-ਫੁਟਾਲੇ ਦੇ ਸਮੇ) ਅਚਰਜ ਰੂਪ ਰਚੇ ਹੁੰਦੇ ਹਨ (ਭਾਵ, ਉਹ ਬੰਦੇ ਇਸ ਸਮੇ ਪਰਮਾਤਮਾ ਦੇ ਅਚਰਜ ਕੌਤਕ ਆਪਣੀਆਂ ਅੱਖਾਂ ਦੇ ਸਾਹਮਣੇ ਲਿਆਉਂਦੇ ਹਨ ।੧।]

ਸਿੱਖ-ਬਬੀਹਾ ਅੰਮ੍ਰਿਤ ਵੇਲੇ ਉੱਠ ਕੇ ਨਾਮ ਦੀ ਵਰਖਾ ਵਾਸਤੇ ਅਰਜ਼ੋਈ ਕਰਦਾ ਹੈ। ਦਾਤਾਰ-ਪ੍ਰਭੂ ਦੇ ਹੁਕਮ ਵਿਚ ਗੁਰੂ-ਮੇਘ ਬਾਣੀ ਦੀ ਰਾਹੀਂ ਵਰਖਾ ਕਰਦਾ ਹੈ। ਤੇ, ਗੁਰਬਾਣੀ ਦੀ ਵਿਚਾਰ ਵਿਚ ਭਿੱਜ ਕੇ ਸਿੱਖ ਦੇ ਹਿਰਦੇ ਵਿਚ ਹਰਿਆਵਲ ਹੀ ਹਰਿਆਵਲ ਹੋ ਜਾਂਦੀ ਹੈ। ਗੁਰੂ ਅਮਰਦਾਸ ਜੀ ਫ਼ੁਰਮਾਂਦੇ ਹਨ :—

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ, ਤਾਂ ਦਰਿ ਸੁਣੀ ਪੁਕਾਰ ॥
ਮੇਘੈ ਨੋ ਫੁਰਮਾਨੁ ਹੋਆ, ਵਰਸਹੁ ਕਿਰਪਾ ਧਾਰਿ ॥
ਹਉ ਤਿਨ ਕੈ ਬਲਿਹਾਰਣੈ, ਜਿਨੀ ਸਚੁ ਰਖਿਆ ਉਰਿ ਧਾਰਿ ॥
ਨਾਨਕ ਨਾਮੇ ਸਭ ਹਰਿਆਵਲੀ, ਗੁਰ ਕੈ ਸਬਦਿ ਵੀਚਾਰਿ ॥੧॥੧੬॥
[ਮਲਾਰ ਕੀ ਵਾਰ ਮ: ੧

[ਪਦ ਅਰਥ :—ਦਰਿ—(ਪ੍ਰਭੂ ਦੇ) ਦਰ ਤੇ। ਮੇਘੈ ਨੋ—(ਗੁਰੂ) ਬੱਦਲ ਨੂੰ। ਉਰਿ—ਹਿਰਦੇ ਵਿਚ।

ਅਰਥ :—(ਜਦੋਂ ਜੀਵ-) ਪਪੀਹਾ ਅੰਮ੍ਰਿਤ ਵੇਲੇ ਅਰਜ਼ੋਈ ਕਰਦਾ ਹੈ ਤਾਂ ਉਸ ਦੀ ਅਰਦਾਸ ਪਰਮਾਤਮਾ ਦੀ ਦਰਗਾਹ ਵਿਚ ਸੁਣੀ ਜਾਂਦੀ ਹੈ। (ਪਰਮਾਤਮਾ ਵਲੋਂ ਗੁਰੂ-) ਬਦਲ ਨੂੰ ਹੁਕਮ ਹੁੰਦਾ ਹੈ ਕਿ (ਇਸ ਅਰਜ਼ੋਈ ਕਰਨ ਵਾਲੇ ਉਤੇ) ਮਿਹਰ ਕਰ ਕੇ ਨਾਮ ਦੀ ਵਰਖਾ ਕਰੋ।

ਜਿਨ੍ਹਾਂ ਮਨੁੱਖਾਂ ਨੇ ਸਦਾ ਕਾਇਮ ਰਹਿਣ ਵਾਲੇ ਪਰਮਾਤਮਾ ਨੂੰ ਆਪਣੇ ਹਿਰਦੇ ਵਿਚ ਵਸਾਇਆ ਹੈ, ਮੈਂ ਉਹਨਾਂ ਤੋਂ ਸਦਕੇ ਹਾਂ। ਹੇ ਨਾਨਕ ! ਸਤਿਗੁਰੂ ਦੇ ਸ਼ਬਦ ਦੀ ਰਾਹੀਂ ('ਨਾਮ' ਦੀ) ਵੀਚਾਰ ਕੀਤਿਆਂ (ਭਾਵ, ਨਾਮ ਸਿਮਰਿਆਂ) 'ਨਾਮ' ਦੀ ਬਰਕਤ ਨਾਲ ਸਾਰੀ ਸ੍ਰਿਸ਼ਟੀ ਹਰੀ-ਭਰੀ ਹੋ ਜਾਂਦੀ ਹੈ ।੧।]

ਗੁਰੂ ਰਾਮਦਾਸ ਜੀ ਲਿਖਦੇ ਹਨ, ਸਤਿਗੁਰੂ ਸਮੁੰਦਰ ਹੈ, ਜਿਸ ਵਿਚ ਨਾਮ-ਰਤਨ ਭਰੇ ਪਏ ਹਨ। ਜਿਹੜੇ ਭਾਗਾਂ ਵਾਲੇ ਸਤਿਗੁਰੂ ਦੀ ਬਾਣੀ ਵਿਚ ਜੁੜਦੇ ਹਨ ਉਹਨਾਂ ਨੂੰ ਇਹ ਰਤਨ ਆਪਣੇ ਅੰਦਰੋਂ ਹੀ ਲੱਭ ਪੈਂਦਾ ਹੈ। ਗੁਰੂ ਤੇ ਗੋਬਿੰਦ ਵਿਚ ਕੋਈ ਰਤਾ ਭੀ ਵਿੱਥ ਨਹੀਂ ਹੈ। ਅੰਮ੍ਰਿਤ ਵੇਲੇ ਉੱਠੋ ਤੇ ਗੁਰੂ ਦੀ ਬਾਣੀ ਵਿਚ ਆਪਣਾ ਮਨ ਜੋੜੋ। ਆਪ ਫ਼ੁਰਮਾਂਦੇ ਹਨ :—

ਰਤਨਾ ਰਤਨ ਪਦਾਰਥ, ਬਹੁ ਸਾਗਰੁ ਭਰਿਆ ਰਾਮ ॥
ਬਾਣੀ ਗੁਰਬਾਣੀ ਲਾਗੇ, ਤਿਨ੍ ਹਥਿ ਚੜਿਆ ਰਾਮ ॥
ਗੁਰਬਾਣੀ ਲਾਗੇ, ਤਿਨ੍ ਹਥਿ ਚੜਿਆ, ਨਿਰਮੋਲਕੁ ਰਤਨੁ ਅਪਾਰਾ ॥
ਹਰਿ ਹਰਿ ਨਾਮੁ ਅਤੋਲਕੁ ਪਾਇਆ, ਤੇਰੀ ਭਗਤਿ ਭਰੇ ਭੰਡਾਰਾ ॥
ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ, ਇਕ ਵਸਤੁ ਅਨੂਪ ਦਿਖਾਈ ॥
ਗੁਰੁ ਗੋਵਿੰਦੁ ਗੋਵਿੰਦੁ ਗੁਰੂ ਹੈ, ਨਾਨਕ ਭੇਦੁ ਨ ਭਾਈ ॥ ੪ ॥ ੮ ॥
[ਆਸਾ ਮ: ੪ ਛੰਤ



www.AKJ.Org

# ਕੇਸਗੀ ਖਾਲਸਈ ਕਕਾਰ ਹੈ !

[ਸ: ਗੁਰਮੁਖ ਸਿੰਘ ਜੀ ਪ੍ਰਿੰਸੀਪਲ ਗੁਰਮਤਿ ਕਾਲਜ, ਪਟਿਆਲਾ]

ਵਿਦਵਾਨ ਖੋਜੀ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਫਰਵਰੀ 82 ਦੇ ਸੂਰਾ ਮਾਸਕ ਪਤਰ ਵਿਚ ਕੇਸਗੀ ਬਾਰੇ ਭਟ-ਵਹੀ ਪਰਗਣਾ ਥਾਨੇਸਰ ਦੇ ਹਵਾਲੇ ਨਾਲ ਦਸਿਆ ਹੈ ਕਿ ਦਸਵੇਂ ਪਾਤਸ਼ਾਹ ਨੇ ਖਾਲਸਾ ਪੰਥ ਦੇ ਮੂਲ-ਪੰਚਾਂ ਨੂੰ ਜੋ ਕਕਾਰ ਧਾਰਰ ਕਰਨ ਦੀ ਤਾਕੀਦ ਕੀਤੀ 'ਉਹ ਕੰਘਾ, ਕਰਦ, ਕੇਸਗੀ, ਕੜਾ, ਕਛਹਿਰਾ' ਸਨ। "ਸਭ ਕੇਸਾ-ਧਾਰੀ ਕੀਏ"। ਇਸ ਤੋਂ ਦੋ ਗੱਲਾਂ ਸਪਸ਼ਟ ਹੁੰਦੀਆਂ ਹਨ :—

ਪਹਿਲੀ ਤਾ ਇਹ ਕਿ ਕੇਸਾਂ ਨੂੰ ਕਕਾਰ ਕਰਕੇ ਨਹੀਂ ਸੀ ਮੰਨਿਆ ਗਿਆ, ਬਲਕਿ ਇਹ ਤਾਂ ਹਰ ਇਕ ਗੁਰੂ ਕੇ ਸਿੰਘ ਲਈ ਲਾਜ਼ਮੀ ਕਰਾਰ ਦੇ ਦਿਤੇ ਗਏ। ਪ੍ਰੋ: ਪਿਆਰਾ ਸਿੰਘ ਜੀ ਠੀਕ ਹੀ ਲਿਖਦੇ ਹਨ ਕਿ ਪੰਜੇ ਕਕਾਰ ਧਾਰਨ ਕਰਨ ਲਈ ਬਾਹਰਲੇ ਹਨ। ਕੇਸ ਬਾਹਰੋਂ ਨਹੀਂ, ਕੇਸ ਸਰੀਰ ਦਾ ਅੰਗ ਹਨ। ਇਸ ਨੂੰ ਕਕਾਰ ਕਿਵੇਂ ਤੇ ਕਦੋਂ ਮੰਨਿਆ ਜਾਣ ਲਗ ਤਿਆ, ਖੋਜ ਦਾ ਮੁਥਾਜ ਹੈ। ਪਰ ਭਟ-ਵਹੀ ਦੀ ਗਵਾਹੀ ਦੇ ਸਨਮੁਖ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਇਸ ਵਿਸ਼ੇ ਤੇ ਭਰਪੂਰ ਖੋਜ ਕਰਾ ਲੈਣੀ ਸਿਖ ਸੰਗਤਾਂ ਲਈ ਲਾਭਦਾਇਕ ਸਿਧ ਹੋਏਗੀ।

ਦੂਜੀ ਗੱਲ ਇਹ ਹੈ ਕਿ ਕਿਸੇ ਕਕਾਰ ਦੇ ਸਰੀਰ ਨਾਲੋਂ ਵਖ ਹੋਣ ਨਾਲ ਰਹਿਤਨਾਮਿਆਂ ਅਨੁਸਾਰ ਤੇ ਸ਼੍ਰੋਮਣੀ ਕਮੇਟੀ ਵਲੋਂ ਛਪੇ ਰਹਿਤ ਮਰਯਾਦਾ ਸੰਬੰਧੀ ਖਰੜੇ ਅਨੁਸਾਰ ਸਿੰਘ ਤਨਖਾਹੀਆ ਤਾਂ ਹੁੰਦਾ ਹੈ, ਪਰ ਪਤਿਤ ਨਹੀਂ ਹੁੰਦਾ। ਪਰ ਕੇਸਾਂ ਨੂੰ ਕਕਾਰਾਂ ਵਿੱਚ ਸ਼ਾਮਲ ਕੀਤੇ ਜਾਣ ਦੇ ਬਾਵਜੂਦ ਭੀ ਸਰੀਰ ਤੋਂ ਕੇਸਾਂ ਦੇ ਵਖ ਹੋਣ ਨਾਲ ਸਿੰਘ ਤਨਖਾਹੀਆ ਤਾਂ ਨਹੀਂ, ਬਲਕਿ ਪਤਿਤ ਮੰਨਿਆ ਜਾਂਦਾ ਹੈ। ਅਜਿਹਾ ਆਦੇਸ਼ ਭਾਵੇਂ ਭਟ-ਵਹੀ ਦੀ ਸੇਧ ਵਿਚ ਬਿਲਕੁਲ ਠੀਕ ਜਾਪਦਾ ਹੈ, ਪਰ ਵਰਤਮਾਨ ਪ੍ਰਚਲਤ ਰਹਿਤ ਮਰਯਾਦਾ ਪਾਸ ਇਸ ਦਾ ਕੋਈ ਠੋਸ ਉਤਰ ਨਹੀਂ। ਚੰਗਾ ਹੋਵੇ ਜੇ ਸ਼੍ਰੋਮਣੀ ਕਮੇਟੀ ਉਚੇਚੇ ਉਦਮ ਕਰ ਕੇ ਇਸ ਬਾਰੇ ਪੂਰੀ ਛਾਣ ਬੀਣ ਕਰੇ।

ਸਾਡੇ ਸਾਹਮਣੇ ਅੰਗਰੇਜ਼ ਇਤਿਹਾਸਕਾਰ ਕਨਿੰਘਮ ਦੇ ਸਿਖ ਇਤਿਹਾਸ ਵਿਚੋਂ ਸੰਕੇਤ ਮਿਲਦਾ ਹੈ ਕਿ ਉਨੀਵੀਂ ਸ਼ਤਾਬਦੀ ਦੀਆਂ ਸਿੰਘਣੀਆਂ ਦੇ ਸੀਸ ਤੇ ਜੂੜੇ ਹੁੰਦੇ ਸਨ। ਫਿਰੰਗੀ ਇਤਿਹਾਸਕਾਰ ਨੂੰ ਸ਼ਾਇਦ ਉਹਨਾਂ ਸਿੰਘਣੀਆਂ ਦੇ ਸੀਸ ਤੇ ਸਜੀਆਂ ਕੇਸਗੀਆਂ ਦਾ ਪਤਾ ਨਹੀਂ ਲਗ ਸਕਿਆ ਤੇ ਨਾ ਹੀ ਉਸ ਨੂੰ ਸਿੰਘਾਂ ਦੀ ਇਸ ਘੁੰਡੀ ਦਾ ਪਤਾ ਸੀ, ਜਿਸ ਤੋਂ ਪ੍ਰੋ: ਪਿਆਰਾ ਸਿੰਘ ਜੀ ਪਦਮ ਨੇ ਪਰਦਾ ਚੁਕਿਆ ਹੈ।

ਭਟ-ਵਹੀ ਤੋਂ ਇਕ ਦੋ ਹੋਰ ਸਿੱਟੇ ਭੀ ਸਾਹਮਣੇ ਆਉਂਦੇ ਹਨ, ਕਿ ਦਸਮੇਸ਼ ਜੀ ਵਲੋਂ ਪੰਥ ਲਈ ਬਣਾਈ ਨਵੀਂ ਰਹਿਤ ਮਰਯਾਦਾ ਅਨੁਸਾਰ ਹਰ ਸਿੰਘ ਅਥਵਾ ਸਿੰਘਣੀ ਲਈ ਕੇਸਾਧਾਰੀ ਹੋਣਾ ਲਾਜ਼ਮੀ ਕਰ ਦਿਤਾ ਗਿਆ। ਗੁਰੂ ਘਰ ਵਿੱਚ ਇਸਤ੍ਰੀ ਜਾਤੀ ਨੂੰ ਧਾਰਮਕ ਖੇਤਰ ਵਿੱਚ ਪੁਰਸ਼ਾਂ ਦੇ ਬਰਾਬਰ ਅਧਿਕਾਰ ਦਿਤੇ ਗਏ ਹਨ, ਭਾਵੇਂ ਇਹ ਗੱਲ ਉਸ ਸਮੇਂ ਦੇ ਪ੍ਰਚਲਤ ਧਾਰਮਕ ਰਿਵਾਜਾਂ ਦੇ ਉਲਟ ਸੀ। ਹਿੰਦੂ ਇਸਤ੍ਰੀ ਵੇਦਾਂ ਸ਼ਾਸਤਰਾਂ ਦੇ ਅਧਿਐਨ ਤੋਂ ਵਰਜੀ ਹੋਈ ਸੀ ਤੇ ਅਜ ਤਕ ਵਰਜੀ ਹੋਈ ਹੈ। ਮੁਸਲਮਾਨ ਇਸਤ੍ਰੀ ਦੀ ਕੋਈ ਸੁੰਨਤ ਨਹੀਂ ਹੁੰਦੀ ਤੇ ਨਾ ਹੀ ਉਹ ਕਦੇ ਮਸੀਤ ਜਾਣ ਦੀ ਅਧਿਕਾਰੀ ਸਮਝੀ ਗਈ ਹੈ। ਜੇ ਉਸ ਨਾਲ ਬਹੁਤੀ ਮੇਹਰਬਾਨੀ ਕੀਤੀ ਹੈ ਤਾਂ ਉਸ ਦੀ ਤਰੱਕੀ ਕਰ ਕੇ ਜਨਤ ਦੀ ਹੂਰ ਬਣਾ ਦਿਤੀ ਗਈ, ਜਿਥੇ ਉਹ ਪੁਗੇ ਹੋਏ ਮੁਸਲਮਾਨ ਦੇ ਐਸ਼ ਆਰਾਮ ਦਾ ਸਾਧਨ ਬਣਨ ਵਿੱਚ ਹੀ ਮੁਕਤੀ ਮੰਨੇ।

ਪਰ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਤੋਂ ਹੀ "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ" ਕਹਿ ਕੇ ਨਾ ਕੇਵਲ ਭਾਰਤੀ ਸਮਾਜ ਵਿਚ **'ਹਾ' ਦਾ ਨਾਅਰਾ** ਮਾਰਿਆ, ਸਗੋਂ ਪ੍ਰਚਾਰ ਲਈ "ਮੰਜੀਆਂ" ਦੇ ਬਰਾਬਰ



www.AKJ.Org

''ਪੀੜ੍ਹੀਆਂ'' ਭੀ ਸਥਾਪਤ ਕੀਤੀਆਂ। ਅਜ ਭੀ ਭਾਈਆਂ ਦੇ ਸਤਿਸੰਗ ਦੇ ਨਾਲ ਨਾਲ ਬੀਬੀਆਂ ਦੇ ਸਤਿਸੰਗ ਕੋਈ ਘਟ ਮਹੱਤਤਾ ਤੇ ਰੌਣਕ ਵਾਲੇ ਨਹੀਂ ਹੁੰਦੇ।

ਅਜਿਹੇ ਉਤਮ ਗੁਰ ਇਤਿਹਾਸ ਦੇ ਸੰਦਰਭ ਵਿੱਚ ਇਹ ਕਦੀ ਸੋਚਿਆ ਭੀ ਨਹੀਂ ਜਾ ਸਕਦਾ ਕਿ ਸਿੰਘਾਂ ਲਈ ਅੰਮ੍ਰਿਤ ਪਾਨ ਕਰਨ ਦੀਆਂ ਸ਼ਰਤਾਂ ਹੋਰ ਤੇ ਸਿੰਘਣੀਆਂ ਲਈ ਹੋਰ। ਜੇ ਗੁਰੂ ਨੇ ਸਿੰਘ ਨੂੰ ਕੇਸਾਂ ਦੀ ਸੰਭਾਲ ਲਈ ਕੰਘਾ ਤੇ ਕੇਸਗੀ ਬਖਸ਼ਿਸ਼ ਕੀਤੀ ਤਾਂ ਅਜ ਸਿੰਘਣੀਆਂ ਦੇ ਸੀਸ ਤੋਂ ਜੂੜਾ, ਕੰਘਾ ਤੇ ਕੇਸਕੀ ਕਦੋਂ ਤੇ ਕਿਵੇਂ ਲਹਿ ਗਈ ? ਇਹ ਖੋਜ ਵਿਚਾਰ ਦਾ ਵਿਸ਼ਾ ਹੈ। ਜੇ ਗੁਰੂ ਕਾ ਸਿੰਘ ਨੰਗੇ ਕੇਸੀਂ ਘਰ ਤੋਂ ਬਾਹਰ ਬਾਜ਼ਾਰ ਆਦਿ ਜਾਂ ਦਫਤਰਾਂ ਵਿੱਚ ਜਾਂਦਾ ਸੋਭਦਾ ਨਹੀਂ ਤਾਂ ਸਿੰਘਣੀ ਨੂੰ ਨੰਗੇ ਸਿਰ ਘੁੰਮਣ ਫਿਰਨ ਦੀ ਕਿਸ ਨੇ ਆਗਿਆ ਦੇ ਦਿਤੀ ? ਇਸ ਉਤੇ ਖੋਜ ਹੋਣੀ ਚਾਹੀਦੀ ਹੈ।

ਦਰ-ਅਸਲ ਪਛਮੀ ਵਿਦਿਆ ਨੇ ਸਾਡੇ ਰਹਿਣ ਸਹਿਣ ਵਿੱਚ ਐਸ਼, ਫੈਸ਼ਨ ਤੇ ਚਸਕਿਆਂ ਦਾ ਅਜਿਹਾ ਜ਼ਹਿਰੀਲਾ ਇਨਜੈਕਸ਼ਨ ਲਾ ਦਿਤਾ ਹੋਇਆ ਹੈ ਕਿ ਅਜ ਸਾਡੀ ਤਕਣੀ ਬਦਲ ਗਈ ਹੈ। ਜੇ ਗੁਰੂ ਨੇ ਸਿੰਘ ਨੂੰ ਨਾਮ ਰਸ ਮਾਨਣ ਲਈ ਸਾਜਿਆ ਹੈ ਤਾਂ ਕੀ ਸਿੰਘਣੀ ਨੂੰ ਨਾਮ-ਰਸ ਤੋਂ ਪਿਛੇ ਰਹਿਣਾ ਚਾਹੀਦਾ ਹੈ ? ਅਫਸੋਸ ਤਾਂ ਇਸ ਗੱਲ ਦਾ ਹੈ ਕਿ ਪੰਥ ਅੰਦਰ ਦਿਨੋ ਦਿਨ ਨਾਮ-ਰਸੀਆਂ ਦੀ ਘਾਟ ਹੁੰਦੀ ਜਾ ਰਹੀ ਹੈ। ਸਿਖੀ ਰਹਿਤ-ਰਹਿਣੀ ਦਾ ਨਾਮ-ਰਸ ਨਾਲ ਗੂੜ੍ਹਾ ਸੰਬੰਧ ਹੈ। ਪੁਰਾਤਨ ਸਿੰਘਾਂ ਨੇ ਫੈਸ਼ਨਾਂ ਅਤੇ ਚਸਕਿਆਂ ਤੋਂ ਗੁਰੂ ਘਰ ਦੀਆਂ ਸਿੰਘਣੀਆਂ ਨੂੰ ਬਚਾਉਣ ਲਈ ਉਨ੍ਹਾਂ ਦੇ ਸੀਸ ਉਤੇ ਭੀ ਗੁਰੂ ਕੀ ਬਖ਼ਸ਼ੀ ਰਹਿਤ 'ਕੇਸਗੀ' ਸਜਾਈ ਰਖੀ ਅਤੇ ਆਪ ਭੀ ਰਹਿਤ ਬਹਿਤ ਵਿਚ ਪਰਪੱਕ ਰਹਿੰਦੇ ਹੋਏ, ਦਰਸ਼ਨੀ ਸਰੂਪ ਵਿਚ ਖੁਲ੍ਹੇ ਦਾੜ੍ਹਿਆਂ ਨਾਲ ਵਿਚਰਦੇ ਰਹੇ। ਪਰ ਵੀਹਵੀਂ ਸਦੀ ਦੇ ਸਿੰਘਾਂ ਨੇ ਫ਼ੌਜੀ ਫ਼ੈਸ਼ਨ ਦੀ ਨਕਲ ਕਰਦਿਆਂ ਆਪਣੀਆਂ ਦਾੜ੍ਹੀਆਂ ਨਰੜ ਲਈਆਂ ਅਤੇ ਬੀਬੀਆਂ ਦੇ ਸਿਰ ਨੰਗੇ ਕਰਵਾ ਦਿਤੇ। ਇਹ ਖੋਜ ਦੀ ਮੁਥਾਜ ਹੈ ਕਿ ਅਜਿਹਾ ਕਿਸ ਸਾਜ਼ਸ਼ ਦੇ ਅੰਤਰਗਤ ਹੋਇਆ। ਇਸ ਲਈ ਪਦਮ ਜੀ ਦੀ ਖੋਜ ਦੇ ਸਨਮੁਖ ਖਾਲਸਾ ਪੰਥ ਨੂੰ ਆਪਣੀ ਰਹਿਤ ਮਰਯਾਦਾ ਸੰਬੰਧੀ ਸੋਧ ਕਰਨ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ। ਸ੍ਰੀ ਅਕਾਲ ਤਖ਼ਤ ਤੇ ਅਜ ਤੋਂ ਕਰੀਬ 50 ਸਾਲ ਪਹਿਲਾਂ ਕੇਸਗੀ ਦੀ ਰਹਿਤ ਸੰਯੁਕਤ ਅੰਮ੍ਰਿਤ ਪਾਨ ਕਰਾਉਣ ਦੀ ਮਰਯਾਦਾ ਸੀ। ਪਰ ਪਿਛੋਂ ਜਥੇਦਾਰ ਗਿ: ਗੁਰਮੁਖ ਸਿੰਘ ਜੀ ਮੁਸਾਫਰ ਦੇ ਸਮੇਂ 'ਕੇਸਗੀ' ਨੂੰ ਕਕਾਰ ਦੇ ਦਰਜੇ ਤੋਂ ਹਟਾਇਆ ਗਿਆ। ਇੰਜ ਕਿਸ ਅਧਿਕਾਰ ਹੇਠ ਕੀਤਾ ਗਿਆ ਤੇ ਕਿਨ੍ਹਾਂ ਤਥਾਂ ਨੂੰ ਮੁਖ ਰਖ ਕੇ ਕੀਤਾ ਗਿਆ, ਇਸ ਦੀ ਪੜਤਾਲ ਕਰ ਲੈਣੀ ਮੁਨਾਸਬ ਹੋਵੇਗੀ।

ਜਿਵੇਂ ਪ੍ਰੋ: ਪਿਆਰਾ ਸਿੰਘ ਪਦਮ ਨੇ ਆਪਣੇ ਲੇਖ ਵਿੱਚ 'ਮੁਆਸਰਿ ਆਲਮਗੀਰੀ' ਦੇ ਹਵਾਲੇ ਨਾਲ ਦਸਿਆ ਹੈ ਕਿ ਹਿੰਦੂਆਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਲਈ ਧਿੰਗੋਜ਼ੋਰੀ ਉਹਨਾਂ ਦੇ ਸਿਰਾਂ ਤੋਂ ਪੱਗਾਂ ਲਾਹ ਕੇ ਟੋਪੀ ਪਹਿਨਾਈ ਗਈ ਸੀ। ਹੋ ਸਕਦੈ, ਸਿੰਘਾਂ ਦੇ ਰਹਿਤ ਦੀ ਢਿਲ ਪਿਛੇ ਭੀ ਅੰਗਰੇਜ਼ਾਂ ਦੀ ਸਾਜ਼ਸ਼ ਹੋਵੇ। 1850 ਵਿੱਚ ਪੰਜਾਬ ਤੇ ਕਬਜ਼ਾ ਕਰਨ ਤੋਂ ਪਿਛੋਂ ਅੰਗਰੇਜ਼ਾਂ ਨੇ ਸਿਖਾਂ ਉਪਰ ਬਹੁਤ ਹੀ ਕਰੜੀ ਨਿਗਾਹ ਰੱਖੀ। ਚੇਲਿਆਂਵਾਲਾ ਦੀ ਅੰਤਮ ਸਿਖਾਂ ਦੀ ਲੜਾਈ ਤੋਂ ਬਾਅਦ ਸਿੰਘਾਂ ਨੂੰ ਸਜੇ ਹੋਏ ਦਰਬਾਰ ਵਿੱਚ ਅੰਗਰੇਜ਼ਾਂ ਅਗੇ ਆਪੋ ਆਪਣੀ ਸਿਰੀ ਸਾਹਿਬ ਅਰਪਣ ਕਰਨੀ ਪਈ। ਉਸ ਤੋਂ ਪਿਛੋਂ ਅੰਗਰੇਜ਼ ਨੇ ਸਿਖ ਕੌਮ ਨੂੰ ਨਿਹੱਥੇ ਕਰ ਦਿਤਾ। ਕਿਰਪਾਨ ਪਹਿਨਣ ਤੇ ਪਾਬੰਦੀ ਲਗਾਈ ਗਈ। ਸਿਖ ਧਾਰਮਕ-ਜੱਥੇਬੰਦੀਆਂ ਨੂੰ ਹਮੇਸ਼ਾ ਸ਼ਕ ਦੀ ਨਿਗਾਹ ਨਾਲ ਵੇਖਿਆ ਗਿਆ। ਨਾਮਧਾਰੀਆਂ ਨੇ ਕੇਵਲ ਬੁਚੜਾਂ ਨੂੰ ਮਾਰਨ ਦਾ ਅਪਰਾਧ ਹੀ ਕੀਤਾ ਸੀ, ਜਿਸ ਦੀ ਕਾਨੂੰਨੀ ਸਜ਼ਾ ਤੋਪਾਂ ਨਾਲ ਉਡਾਣਾ ਨਹੀਂ ਹੋ ਸਕਦੀ। ਉਹਨਾਂ ਨੇ ਅੰਗਰੇਜ਼ਾਂ ਵਿਰੁਧ ਕੁਝ ਨਹੀਂ ਸੀ ਕੀਤਾ। ਫਿਰ ਭੀ 1922 ਤਕ ਨਾਮਧਾਰੀਆਂ ਦੇ ਕੇਂਦਰ ਭੈਣੀ ਵਿਖੇ ਪੁਲਿਸ-ਚੌਕੀ ਬਿਠਾਈ ਰਖੀ ਗਈ। ਗੁਰਦਵਾਰਾ ਸੁਧਾਰ ਲਹਿਰ ਦੇ ਦੌਰਾਨ ਅੰਗਰੇਜ਼ਾਂ ਨੇ ਪੰਥ-ਦੋਖੀਆਂ ਦਾ ਹਮੇਸ਼ਾ ਸਾਥ ਦਿਤਾ ਅਤੇ ਉਹਨਾਂ ਤੱਤ-



www.AKJ.Org

ਖਾਲਸੇ ਨੂੰ ਹਰ ਤਰ੍ਹਾਂ ਕਮਜ਼ੋਰ ਕਰਨ ਦਾ ਜਤਨ ਕੀਤਾ। ਅਕਾਲੀ ਮੋਰਚਿਆਂ ਦਾ ਇਤਿਹਾਸ ਦਸਦਾ ਹੈ ਕਿ ਹੱਕ ਲਈ ਸੰਘਰਸ਼ ਕਰ ਰਹੇ ਸਿਖਾਂ ਉਤੇ ਕਿਤਨੇ ਅਤਿਆਚਾਰ ਢਾਏ ਗਏ। ਕੌਮ ਨੂੰ ਕਮਜ਼ੋਰ ਕਰਨ ਵਿੱਚ ਅੰਗਰੇਜ਼ਾਂ ਨੇ ਹਰ ਕਿਸਮ ਦੇ ਹੀਲੇ ਵਰਤੇ, ਉਹਨਾਂ ਨੂੰ ਡਰ ਸੀ ਕਿਤੇ ਇਹ ਮੁੜ ਕੇ ਖਾਲਸਈ ਜ਼ੋਰ ਫੜ ਕੇ ਸਿਖ ਰਾਜ ਕਾਇਮ ਨ ਕਰ ਲੈਣ। ਸਿੰਘ ਸਭਾ ਲਹਿਰ, ਜੋ ਸਿਖ ਪੰਥ ਵਿੱਚ ਪੁਨਰ ਜਾਗਰਤੀ ਦੀ ਇਕ ਮਹਾਨ ਲਹਿਰ ਸੀ, ਨੂੰ ਭੀ ਅੰਗਰੇਜ਼ ਅਛੀ ਨਜ਼ਰ ਨਾਲ ਨਹੀਂ ਸੀ ਵੇਖਦੇ। ਇਸੇ ਲਹਿਰ ਨੇ ਅਗੇ ਚਲ ਕੇ ਅਕਾਲੀ ਲਹਿਰ ਨੂੰ ਜਨਨ ਦਿਤਾ।

ਇਹ ਸਭ ਖੋਜ ਦੀ ਮੁਥਾਜ ਹੈ ਕਿ ਕਿਵੇਂ ਮਿਸਲਾਂ ਵਾਲੇ ਸੂਰਬੀਰ ਖਾਲਸੇ ਦੀ ਸ਼ਕਲ ਸੂਰਤ ਵਿਗੜਦੀ ਵਿਗੜਦੀ ਅਜੋਕੇ ਦਾੜ੍ਹੀ ਨਰੜੇ, ਸਿੰਘਾਂ ਵਾਲੀ ਹੋ ਗਈ? ਕਿਵੇਂ ਸੂਰਬੀਰ ਸਿੰਘਣੀਆਂ ਦੀ ਜੂੜੇ ਕੇਸਗੀ ਸਜਾਈ ਜੱਬੇ-ਵਾਲੀ ਦਰਸ਼ਨੀ ਸੂਰਤ ਵਿਗੜਦੀ ਵਿਗੜਦੀ ਸਾੜ੍ਹੀ ਵਾਲੀ ਅੱਧ-ਨੰਗੀ ਤੇ ਸਿਰੋਂ ਨੰਗੀ ਸੂਰਤ ਬਣ ਗਈ। ਖਾਲਸੇ ਨੂੰ ਸਜਿਆਂ ਅਜੇ 300 ਵਰ੍ਹੇ ਨਹੀਂ ਹੋਏ, ਤੇ ਉਸਦਾ ਸਰੂਪ ਇਸ ਥੋੜੇ ਜਿਹੇ ਸਮੇਂ ਵਿੱਚ ਹੋਰ ਦਾ ਹੋਰ ਕਿਵੇਂ ਹੋ ਗਿਆ? ਪੰਜਾਬ ਦੇ ਪਿੰਡਾਂ ਵਲ ਝਾਤ ਮਾਰੋ, ਬਾਬਾ ਦੀਪ ਸਿੰਘ ਸਾਰਖੇ ਦਰਸ਼ਨੀ ਸੂਰਮੇ ਟੋਲਿਆਂ ਨਹੀਂ ਲਭਦੇ। ਕੀ ਮਾਝਾ ਤੇ ਕੀ ਮਾਲਵਾ, ਸ਼ਰਾਬ ਤੇ ਹੋਰ ਨਸ਼ਿਆਂ ਨੇ ਸਤਿਆਨਾਸ ਕਰ ਦਿਤਾ ਹੈ। ਪੇਂਡੂ ਸਿਖਾਂ ਵਿੱਚ ਸਿਖ ਰਹਿਤ ਮਰਯਾਦਾ ਦਾ ਮਖ਼ੌਲ ਉਡਾਇਆ ਜਾਂਦਾ ਹੈ। ਇਹ ਕੌਮ ਦੀ ਗਿਰਾਵਟ ਦੇ ਚਿੰਨ੍ਹ ਹਨ।

ਲੋੜ ਹੈ ਆਪਣੇ ਮਹਾਨ ਵਿਰਸੇ ਨੂੰ ਸਮਝਣ ਦੀ ਤੇ ਉਸ ਨੂੰ ਸੰਭਾਲ ਕੇ ਹਿਕ ਨਾਲ ਲਾਉਣ ਦੀ। ਸਚ-ਮੁਚ ਇਉਂ ਲਗਦਾ ਹੈ ਕਿ ਜਿਸ ਚੀਜ਼ ਤੋਂ ਦਸਮੇਸ਼ ਪਿਤਾ ਜੀ ਨੇ ਸਾਵਧਾਨ ਕੀਤਾ ਸੀ, ਅਸੀਂ ਉਸੇ ਟੋਏ ਵਿੱਚ ਮੁੜ ਕੇ ਜਾ ਡਿਗੇ-ਹਾਂ।

ਜਬ ਲਗ ਖਾਲਸਾ ਰਹੇ ਨਿਆਰਾ॥
ਤਬ ਲਗ ਤੇਜ ਦੀਓ ਮੈਂ ਸਾਰਾ॥
ਜਬ ਇਹ ਗਹੇ ਬਿਪਰਨ ਕੀ ਰੀਤ॥
ਮੈਂ ਨ ਕਰਉ ਇਨ ਕੀ ਪਰਤੀਤ॥

ਖਾਲਸੇ ਨੂੰ ਸ੍ਰੀ ਦਸਮੇਸ਼ ਪਿਤਾ ਨੇ ਨਿਆਰਾ ਰਹਿਣ ਲਈ ਕਰੜੀ ਹਿਦਾਇਤ ਕੀਤੀ ਹੈ। ਬਿਪਰਨ (ਬ੍ਰਾਹਮਣ) ਦੀ ਰੀਤ ਤੇ ਚਲਣਾ ਵਰਜਿਤ ਕੀਤਾ ਸੀ। ਹੁਣ ਵਕਤ ਹੈ ਆਪਣੇ ਵਿਰਸੇ ਨੂੰ ਪੜਚੋਲਣ ਦਾ। ਪ੍ਰੋ: ਪਿਆਰਾ ਸਿੰਘ ਪਦਮ ਨੇ ਬਿਗਲ ਵਜਾ ਦਿਤਾ ਹੈ। ਸਮੂਹ ਸਿਖ ਸੰਸਥਾਵਾਂ, ਜੱਥੇ, ਡੇਰੇਦਾਰ, ਸੰਤ ਮਹਾਂ-ਪੁਰਖ ਅਤੇ ਸ਼ਰੋਮਣੀ ਧਾਰਮਕ ਜਥੇਬੰਦੀਆਂ ਆਪਣੇ ਭੁਲੇ ਹੋਏ ਵਿਰਸੇ ਨੂੰ ਖੋਜਣ ਅਤੇ ਸਮੁਚੇ ਪੰਥ ਦੀ ਇਕੋ ਰਹਿਤ ਮਰਯਾਦਾ ਉਸਾਰਨ ਵਿੱਚ ਸਹਿਯੋਗ ਦੇਣ।

---

**ਸੋਧ ਲਵੋ ਜੀ**—'ਸੂਰਾ' ਫ਼ਰਵਰੀ ੧੯੮੨ ਪੰਨਾ ੨੩, ਸਤਰ ੧੬ 'ਕੇਸਕੀ' ਵਾਲੇ ਲੇਖ ਵਿਚ—'ਗੁਰੂ ਕੀ ਸਤਿਗੁਰ ਜਾਣੇ' ਦੀ ਥਾਂ "**ਗੁਰੂ ਕੀ ਗਤਿ ਗੁਰੂ ਜਾਣੇ**" ਪੜ੍ਹੋ।

(੨) ਸੂਰਾ ੧੯੮੨,ਪੰਨਾ ੧੮, ਸਤਰ ੧੧—ਜਨਮ ੨੯-੧-੧੯੮੨ ਦੀ ਥਾਂ **੨੬-੧-੧੯੮੨** ਪੜ੍ਹੋ।



www.AKJ.Org

# 'ਕੇਸਕੀ' ਦੀ ਮਹੱਤਤਾ

ਗੁਰਦਵਾਰਾ ਕਮੇਟੀ ਚਰਨ ਕੰਵਲ ਬੰਗਾ ਦੇ ਮੈਨੇਜਰ ਗਿਆਨੀ ਹਰਬੰਸ ਸਿੰਘ ਜੀ 'ਤੇਗ' ਆਪਣੀ 3-2-82 ਦੀ ਚਿੱਠੀ ਵਿਚ ਲਿਖਦੇ ਹਨ—

ਸੂਰਾ ਮਾਸਕ ਪਤਰ ਫਰਵਰੀ 82 ਵਿਚ ਆਦਰਯੋਗ ਪਦਮ ਜੀ ਦਾ ਲੇਖ ਪ੍ਰਸੰਸਾਯੋਗ ਹੋ। "ਕੇਸਕੀ" ਭੱਟ-ਵਹੀ ਪਰਗਣਾ ਥਨੇਸਰ ਦੇ ਹਵਾਲੇ ਨਾਲ ਲਿਖੀ ਉਹ ਸਤਰ ਕਾਫੀ ਮਹਾਨਤਾ ਵਾਲੀ ਹੈ ਜਿਸ ਵਿਚ ਪੰਜੇ ਕੱਕੇ (ਕੇਸਕੀ ਸਮੇਤ) ਦਸ ਕੇ ਫਿਰ "ਸਭ ਕੇਸਾਧਾਰੀ ਕੀਏ" ਲਿਖਿਆ ਹੈ।

ਅਜ ਦੇ ਸਮੇਂ ਸਖ਼ਤ ਲੋੜ ਹੈ ਕਿ 'ਕੇਸਕੀ' ਦੀ ਮਹੱਤਤਾ ਬਾਰੇ ਦਸਿਆ ਜਾਵੇ, ਸਿਖਾਂ ਦੇ ਬੱਚੇ ਕਿਵੇਂ ਨੰਗੇ ਸਿਰ ਬਜ਼ਾਰਾਂ ਗਲੀਆਂ ਵਿਚ ਤੁਰੇ ਫਿਰਦੇ ਹਨ। ਜੂੜੇ ਨੰਗੇ ਰਖੇ ਹੋਏ ਹਨ। ਜਦ ਕਿ ਨੰਗੇ ਸਿਰ ਗੁਰਸਿਖ ਲਈ ਪਾਣੀ ਪੀਣਾ ਭੀ ਦਰਕਾਰ ਨਹੀਂ, ਇਹੋ ਹੀ ਹਦਾਇਤ ਰਹਿਤਨਾਮਿਆਂ ਵਿਚੋਂ ਮਿਲਦੀ ਹੈ।

ਪਰ ਜੋ ਕੇਸਾਂ ਤੋਂ ਬਿਨਾਂ ਹੋ ਕੇ ਭੀ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਹੋਣ ਦਾ ਵਿਅਰਥ ਭਰੋਸਾ ਬਣਾਈ ਬੈਠੇ ਹਨ, ਉਨ੍ਹਾਂ ਨੂੰ ਇਸ ਭੱਟ-ਵਹੀ ਤੋਂ ਬਹੁਤ ਸੇਧ ਮਿਲਦੀ ਹੈ।

ਪਛਮੀ ਸਭਿਅਤਾ ਦਾ ਅਸਰ ਪੈਣ ਕਰਕੇ ਨੰਗੇ ਸਿਰ ਨੂੰ ਬੁਰਾ ਨਹੀਂ ਸਮਝਿਆ ਜਾਂਦਾ। ਨਹੀਂ ਤਾਂ ਸਾਡੀ ਸਭਿਅਤਾ ਦੀ ਮਹਾਨਤਾ ਇਸ ਗੱਲ ਤੋਂ ਹੀ ਪਰਗਟ ਹੋ ਜਾਂਦੀ ਹੈ ਕਿ ਪਿਛਲੇ ਸਮਿਆਂ ਵਿਚ ਬਜ਼ੁਰਗ ਮਾਵਾਂ ਤੇ ਸਿਆਣੇ ਬਜ਼ੁਰਗ ਨੰਗੇ ਸਿਰ ਨੂੰ ਬਹੁਤ ਬੁਰਾ ਸਮਝ ਕੇ ਬਦਸ਼ਗਨ ਚਿਤਵਦੇ ਸਨ, ਕਿਸੇ ਕੰਮ ਨੂੰ ਤੁਰਨ ਲਗਿਆਂ ਨੰਗੇ ਸਿਰ ਜੇ ਕੋਈ ਅਗੋਂ ਮਿਲ ਪਵੇ ਤਾਂ ਕੰਮ ਨੂੰ ਜਾਣਾ ਉਚਿਤ ਨਹੀਂ ਸਨ ਸਮਝਦੇ। ਕਿਸੇਦੀ ਲੜਕੀ ਵਿਧਵਾ ਹੋ ਜਾਵੇ ਜਾਂ ਉਸਦਾ ਪਤੀ ਮਰ ਗਿਆ ਹੋਵੇ ਤਾਂ ਸਮਾਜ ਉਸ ਨੂੰ ਸਿਰੋਂ ਨੰਗੀ ਹੋਣਾ ਕਹਿੰਦਾ ਸੀ। ਅਜ ਬੱਚਿਆਂ ਨੂੰ ਨਿਕੀ ਉਮਰ ਤੋਂ ਹੀ ਸਿਰ (ਕੇਸ) ਢਕ ਕੇ ਰਖਣ ਦੀ ਸਖ਼ਤ ਲੋੜ ਹੈ ਤੇ ਪ੍ਰੇਰਨਾ ਦੇਣ ਦੀ ਲੋੜ ਹੈ।

---

# ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ

ਸਿੱਖ ਬੱਚੇ ਬੱਚੀਆਂ ਵਿਚ ਗੁਰਬਾਣੀ ਅਤੇ ਖਾਲਸਾ ਰਹਿਤ ਬਹਿਤ ਪ੍ਰਤੀ ਲਗਨ ਤੇ ਉਤਸ਼ਾਹ ਪੈਦਾ ਕਰਨ ਲਈ "ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ" ਸਕੀਮ ਚਾਲੂ ਕੀਤੀ ਗਈ ਹੈ। ਇਸ ਸਕੀਮ ਅਧੀਨ ੫੦/—, ੮੦/— ਤੇ ੧੦੦/- ਰੁਪਏ ਮਹੀਨੇ ਦੇ ੧੨ ਸਕਾਲਰਸ਼ਿਪ ਹਰ ਸਾਲ ਅੰਮ੍ਰਿਤਧਾਰੀ ਬੱਚੇ ਬੱਚੀਆਂ ਲਈ ਜਾਰੀ ਕੀਤੇ ਜਾ ਰਹੇ ਹਨ।

ਨੋਟ :—(੧) ਜਦੋਂ ਇਸ ਸਕਾਲਰਸ਼ਿਪ ਸਕੀਮ ਲਈ ਇੰਨੀ ਰਕਮ ਜਮ੍ਹਾ ਹੋ ਜਾਵੇਗੀ ਕਿ ਉਹ ਫ਼ਿਕਸ ਡਿਪਾਜ਼ਿਟ ਵਿਚ ਜਮ੍ਹਾ ਕਰਵਾ ਕੇ, ਉਸ ਦੇ ਸੂਦ ਨਾਲ ਇਹ ਸਕਾਲਰਸ਼ਿਪ ਦਿਤੇ ਜਾ ਸਕਿਆ ਕਰਨਗੇ ਓਦੋਂ ਇਹ ਸਕੀਮ ਪੱਕੇ ਤੌਰ ਤੇ ਜਾਰੀ ਰਹਿ ਸਕੇਗੀ। ਉਸ ਤੋਂ ਪਹਿਲਾਂ ਆਉਂਦੀ ਜਾਂਦੀ ਮਾਇਆ ਦੀ ਸਹਾਇਤਾ ਤੇ ਹੀ ਇਹ ਸਕੀਮ ਚਲਦੀ ਰਹਿ ਸਕੇਗੀ।

(੨) ਸਕਾਲਰਸ਼ਿਪ ਸਕੀਮ ਬਾਰੇ ਸਮੇਂ ਸਮੇਂ ਜਾਣਕਾਰੀ "ਸੂਰਾ" ਮਾਸਕ ਪੱਤਰ ਸ੍ਰੀ ਅੰਮ੍ਰਿਤਸਰ ਰਾਹੀਂ ਦਿਤੀ ਜਾਂਦੀ ਰਿਹਾ ਕਰੇਗੀ।

ਇਸ ਸਕਾਲਰਸ਼ਿਪ ਸਕੀਮ ਦੇ ਫ਼ਾਰਮ ਅਤੇ ਨਿਯਮ, ਕਾਲਜ ਤੇ ਸਕੂਲਾਂ ਦੇ ਬੱਚੇ ਬੱਚੀਆਂ ਹੇਠ ਲਿਖੇ ਪਤੇ ਤੋਂ ਇਕ ਰੁਪਏ ਦਾ ਮਨੀਆਰਡਰ ਭੇਜ ਕੇ ਮੰਗਵਾ ਸਕਦੇ ਹਨ :—

ਮਾ: ਹਰਬੰਸ ਸਿੰਘ ਜੀ, ਕੋ-ਔਪਟਿਡ ਮੈਂਬਰ।
ਭਾ: ਸਾ: ਭਾਈ ਰਣਧੀਰ ਸਿੰਘ ਸਕਾਲਰਸ਼ਿਪ ਬੋਰਡ (ਅਖੰਡ ਕੀਰਤਨੀ ਜਥਾ)
ਮਾਰਫ਼ਤ ਆਰਸੀ ਮਾਸਕ ਪੱਤਰ, ਨਵਯੁਗ ਪ੍ਰੈਸ, ਚਾਂਦਨੀ ਚੌਕ, ਦਿੱਲੀ—੬



www.AKJ.Org

# ਗੁਰੂ ਨਾਨਕ ਦੇਵ ਜੀ ਦਾ ਸੰਦੇਸ਼

[ਵਲੋਂ—ਸ: ਚੰਚਲ ਸਿੰਘ ਜੀ, 11-ਸੁਖਜੀਵਨ ਕੁਟੀਆ, ਕਾਦਬੀ ਚੌਕ, ਨਾਗਪੁਰ]

ਸਿਖੀ ਦੇ ਤਿੰਨ ਵਡੇ ਅਸੂਲ ਇਹ ਹਨ–ਕਿਰਤ ਕਰਨੀ, ਵੰਡ ਛਕਣਾ ਤੇ ਨਾਮ ਜਪਣਾ। ਕਿਰਤ ਕਰਨਾ ਸਾਡਾ ਪਹਿਲਾ ਧਰਮ ਹੈ। ਸੁਚੀ ਕਿਰਤ ਕਰਨਾ ਤੇ ਫਿਰ ਵੰਡ ਕੇ ਛਕਣਾ ਉਸ ਤੋਂ ਵਡਾ ਅਸੂਲ ਹੈ।

ਅਸੀਂ ਜੋ ਆਪਣੇ ਆਪ ਨੂੰ ਸਿਖ ਕਹਿੰਦੇ ਹਾਂ, ਆਪਣੇ ਅੰਦਰ ਝਾਤੀ ਮਾਰੀਏ ਕਿ ਕੀ ਅਸੀਂ ਮਹਾਰਾਜ਼ ਦਾ ਹੁਕਮ ਮੰਨ ਰਹੇ ਹਾਂ ?

ਕਿਰਤ ਤਾਂ ਅਸੀਂ ਕਰਦੇ ਹਾਂ। ਜਦ ਤਕ ਸਾਡੀ ਕਿਰਤ ਸੁਚੀ ਨਹੀਂ ਤਾਂ ਮਨ ਸੁਚਾ ਨਹੀਂ ਹੋਣਾ। ਜਦ ਤਕ ਮਨ ਸੁਚਾ ਨਹੀਂ ਹੁੰਦਾ, ਦਸਵੰਧ ਕਢਣਾ ਜਾਂ ਵੰਡ ਕੇ ਖਾਣਾ ਨਹੀਂ ਹੋਵੇਗਾ। ਜਦ ਤਕ ਦਸਵੰਧ ਕਢਣ ਦੇ ਰਾਹ ਤੇ ਨਹੀਂ ਚਲਦੇ, ਗੁਰੂ ਦਾ ਹੁਕਮ ਨਹੀਂ ਮੰਨਦੇ, ਸਾਡੇ ਤੇ ਗੁਰੂ ਦੀ ਬਖਸ਼ਿਸ਼ ਨਹੀਂ ਹੋ ਸਕਦੀ।

ਜਦ ਅਸੀਂ ਗੁਰੂ ਦਾ ਕਹਿਣਾ ਨਹੀਂ ਮੰਨਣਾ ਤਾਂ ਫਿਰ ਬਖਸ਼ਿਸ਼ ਕਿਸ ਤਰ੍ਹਾਂ ਹੋਵੇਗੀ ? ਨਾਮ ਜਪਣ ਵਿਚ ਮਨ ਕਿਸ ਤਰ੍ਹਾਂ ਟਿਕੇਗਾ ? ਨਾਮ ਜਪਣ ਵਿਚ ਸਾਡਾ ਮਨ ਤਾਂ ਹੀ ਟਿਕੇਗਾ, ਅਗਰ ਸਾਡੀ ਕਿਰਤ ਸੁਚੀ ਹੈ ਤੇ ਫਿਰ ਅਸੀਂ ਗੁਰੂ ਦਾ ਹੁਕਮ ਮੰਨ ਕੇ ਦਸਵੰਧ ਕਢਦੇ ਹਾਂ। ਦਸਵੰਧ ਗੁਰੂ ਦਾ ਹਿੱਸਾ ਹੈ। ਸਤਿਗੁਰੂ ਜੋ ਵੀ ਬਖਸ਼ਿਸ਼ਾਂ ਕਰਦਾ ਹੈ, ਉਸ ਵਿਚ ਉਸ ਦਾ ਹਿੱਸਾ ਹੈ। ਅਗਰ ਅਸੀਂ ਗੁਰੂ ਦੇ ਹਿਸੇ ਦੇ ਪੈਸੇ ਕੋਲ ਰਖਦੇ ਹਾਂ ਤਾਂ ਗੁਰੂ ਦੇ ਦੇਣਦਾਰ ਹੁੰਦੇ ਹਾਂ ਅਤੇ ਆਪਣੇ ਆਪ ਨਾਲ ਧਰੋਹ ਕਮਾਂਦੇ ਹਨ। ਦਸਵੰਧ ਦੀ ਰਕਮ ਆਪਣੇ ਜਾਂ ਆਪਣਿਆਂ ਬੱਚਿਆਂ ਤੇ ਖਰਚ ਕਰਨੀ ਪਾਪ ਹੈ। ਇਹ ਗੁਰੂ ਦਾ ਹਿੱਸਾ ਹੈ ਤੇ ਇਸ ਨੂੰ ਸਿਰਫ ਭਲੇ ਕੰਮਾਂ ਤੇ ਹੀ ਖਰਚ ਕਰਨਾ ਹੈ।

ਅਗਿਆਨਤਾ ਵਿਚ ਫਸਿਆ ਮਨੁਖ ਇਨ੍ਹਾਂ ਅਸੂਲਾਂ ਤੋਂ ਭੁਲਾ ਰਹਿੰਦਾ ਹੈ। ਜਦੋਂ ਗੁਰੂ ਮਹਾਰਾਜ ਮਿਹਰ ਕਰਦੇ ਹਨ ਤਾਂ ਅੱਖਾਂ ਤੋਂ ਇਸ ਬੇਸਮਝੀ ਦਾ ਪੜ੍ਹਦਾ ਲਹਿੰਦਾ ਹੈ ਅਤੇ ਫਿਰ ਸੁਚੀ ਕਿਰਤ ਤੇ ਵੰਡ ਛਕਣ ਦੀ ਮਹਿਮਾ ਦੀ ਸੋਝੀ ਪੈਂਦੀ ਹੈ। ਜਦੋਂ ਮਨੁਖ ਨੂੰ ਸੋਝੀ ਆ ਜਾਂਦੀ ਹੈ ਅਤੇ ਗੁਰੂ ਦੇ ਹੁਕਮ ਮੰਨਣਾ ਅਤੇ ਅਗੇ ਤੁਰਨਾ ਆਪਣਾ ਪਹਿਲਾ ਤੇ ਮੁਖ ਧਰਮ ਸਮਝਣ ਲਗ ਪੈਂਦਾ ਹੈ ਤਾਂ ਸਤਿਗੁਰੂ ਅਗਿਆਨਤਾ ਵਿਚ ਬਿਤਾਈ ਜ਼ਿੰਦਗੀ ਦੀ ਮਾਫ਼ੀ ਬਖਸ਼ ਦਿੰਦੇ ਹਨ।

ਇਹ ਕੰਮ ਹੈ ਬਹੁਤ ਔਖਾ। ਪਰ ਗੁਰੂ ਦਾ ਹੁਕਮ ਮੰਨ ਲਈਏ ਤੇ ਫਿਰ ਇਸ ਤੇ ਟੁਰਨ ਦੀ ਕੋਸ਼ਿਸ਼ ਕਰੀਏ ਤਾਂ ਸਫਲਤਾ ਮਿਲਦੀ ਜਾਂਦੀ ਹੈ। ਇਕ ਕਦਮ ਅਸੀਂ ਵਧਾਂਦੇ ਹਾਂ, ਸਤਿਗੁਰੂ ਕਰੋੜਾਂ ਕਦਮ ਅਗੇ ਵਧ ਕੇ ਮਦਦ ਕਰਦੇ ਹਨ।

ਦੁਖ ਵਾਲੀ ਗੱਲ ਇਹ ਹੈ ਕਿ ਅਸੀਂ ਇਸ ਰਾਹ ਜਾਂ ਮਾਰਗ ਤੇ ਚਲਣਾ ਹੀ ਨਹੀਂ ਚਾਹੁੰਦੇ। ਅਸੀਂ ਕਹਿੰਦੇ ਹਾਂ ਕਿ ਸਾਡਾ ਮਨ ਨਹੀਂ ਜੁੜਦਾ, ਮਨ ਭਟਕਦਾ ਹੈ। ਝੂਠ ਬੋਲਣ ਨੂੰ, ਲੁਟਣ ਨੂੰ ਮਨ ਕਰਦਾ ਹੈ। ਮਨ ਵਿਚ ਭੈੜੇ ਫੁਰਨੇ ਹੀ ਫੁਰਦੇ ਹਨ। ਸਿਮਰਨ ਨਹੀਂ ਕਰਨ ਹੁੰਦਾ।

ਮਨ ਦਾ ਤਾਂ ਕੰਮ ਹੀ ਫੁਰਨੇ ਫੁਰਨਾ ਹੈ। ਮਨ ਨੇ ਤਾਂ ਹਮੇਸ਼ਾ ਹੀ ਮਾੜੇ ਪਾਸੇ ਜਾਣਾ ਹੈ। ਇਹ ਭੋਗਾਂ ਬਿਲਾਸਾਂ ਦਾ ਭੁੱਖਾ ਹੈ। ਨਿੰਦਾ ਬਖ਼ੀਲੀ ਵਲ ਜਾਂਦਾ ਹੈ। ਦੂਜਿਆਂ ਨੂੰ ਦੁਖੀ ਕਰ ਕੇ, ਪਰਾਇਆ ਮਾਲ ਹੜੱਪ ਕਰਨ ਦੀਆਂ ਵਿਉਂਤਾਂ ਬਣਾਂਦਾ ਰਹਿੰਦਾ ਹੈ। ਜਦ ਤਕ ਅਸੀਂ ਮਨ ਨਾਲ ਲੜਾਈ ਨਹੀਂ ਕਰਦੇ, ਇਹ ਕਾਬੂ ਨਹੀਂ ਆਉਣਾ। ਹੁਣ ਜਦ ਮਨ ਐਡਾ ਅਥਰਾ ਹੈ ਤਾਂ ਫਿਰ ਕੀ ਕਰੀਏ ? ਕਿਸ ਤਰ੍ਹਾਂ ਇਸ ਨੂੰ ਭੇੜੀਏ ਤੇ ਕਾਬੂ ਕਰੀਏ ਤਾਂ ਮਹਾਰਾਜ ਫੁਰਮਾਉਂਦੇ ਨੇ–



www.AKJ.Org

*ਗੁਰਮੁਖਿ ਏਹੁ ਮਨੁ ਜੀਵਤੁ ਮਰੈ ਸਚਿ ਰਹੈ ਲਿਵ ਲਾਇ ॥
ਨਾਨਕ ਇਸੁ ਮਨ ਕੀ ਮਲੁ ਇਉ ਉਤਰੈ ਹਉਮੈ ਸਬਦਿ ਜਲਾਇ ॥੨॥੨੧॥ (੬੫੦)

ਗੁਰੂ ਦੀ ਯਾਦ ਨਾਲ ਵਾਹਿਗੁਰੂ ਜੀ ਦਾ ਜਾਪ ਸਵੱਛ ਹਿਰਦੇ ਨਾਲ ਕਰਕੇ, ਹਿੰਮਤ ਕਰ ਕੇ ਇਸ ਨੂੰ ਬੰਨ੍ਹਣਾ ਹੈ, ਰੋਕਣਾ ਹੈ। ਮਨ ਨੂੰ ਕਾਬੂ ਕਰਨ ਦਾ ਬਸ ਇਕੋ ਹੀ ਉਪਾਉ ਹੈ ਤੇ ਉਹ ਹੈ 'ਵਾਹਿਗੁਰੂ ਦਾ ਸਿਮਰਨ'। ਜਿਉਂ ਜਿਉਂ ਸਿਮਰਨ ਅੰਦਰ ਵਧਦਾ ਜਾਵੇਗਾ, ਮਾੜੇ ਖ਼ਿਆਲ ਅੰਦਰੋਂ ਨਸਦੇ ਜਾਣਗੇ।

ਜਦ ਤਕ ਅਸੀਂ ਆਪਣੀ ਸੱਤਾ ਵਰਤਦੇ ਹਾਂ, ਅਸੀਂ ਝੂਠ ਬੋਲਦੇ ਹਾਂ, ਦੂਜਿਆਂ ਨੂੰ ਲੁਟਦੇ ਹਾਂ, ਮਾਇਆ ਦੇ ਢੇਰ ਲਾਂਦੇ ਹਾਂ, ਆਪਣਿਆਂ ਬੱਚਿਆਂ ਦੇ ਐਸ਼-ਆਰਾਮ ਲਈ ਦੂਜਿਆਂ ਦੇ ਬੱਚਿਆਂ ਦੇ ਗਲੇ ਕਟਦੇ ਹਾਂ ਓਦੋਂ ਤਕ ਸਾਡੇ ਦਿਲਾਂ ਵਿਚ ਕਿਆਸ ਨਹੀਂ ਉਪਜ ਸਕਦੀ, ਅਸੀਂ ਧਰਮੀ ਬੰਦੇ ਨਹੀਂ ਬਣ ਸਕਦੇ।

ਅਗਰ ਅਸੀਂ ਧਰਮੀ ਬਣਨਾ ਚਾਹੁੰਦੇ ਹਾਂ ਤਾਂ ਗੁਰੂ ਦੀ ਮਤਿ ਲੈਣੀ ਪਵੇਗੀ, ਗੁਰੂ ਕਾ ਆਸਰਾ ਲੈਣਾ ਪਵੇਗਾ। ਜਦ ਅਸੀਂ ਆਪਣੀ ਮਤਿ ਛਡ ਦੇਵਾਂਗੇ, ਤੇ ਗੁਰੂ ਦੀ ਮਤਿ ਧਾਰਨ ਕਰ ਲਵਾਂਗੇ, ਤਾਂ ਫਿਰ ਗੁਰੂ ਆਪੇ ਚੰਗੇ ਪਾਸੇ ਲਾਵੇਗਾ। ਓਦੋਂ ਅਸੀਂ ਹੌਲੇ ਹੋ ਕੇ ਅਨੁਭਵ ਕਰਾਂਗੇ ਕਿ ਸਾਡੇ ਤੇ ਬਖਸ਼ਿਸ਼ ਹੋ ਰਹੀ ਹੈ ਤੇ ਸਾਡੇ ਕਦਮ ਚੰਗੇ ਪਾਸੇ ਚਲ ਰਹੇ ਹਨ। ਇਕ ਵਾਰੀ ਚੰਗੇ ਰਾਹ ਦੀ ਸੋਝੀ ਗੁਰੂ ਨੇ ਦਸ ਦਿਤੀ, ਫਿਰ ਮੇਹਨਤ ਕਰੀ ਜਾਣਾ ਹੀ ਸਾਡਾ ਧਰਮ ਹੈ। ਜਿਉਂ ਜਿਉਂ ਮੇਹਨਤ ਕਰਾਂਗੇ, ਫਲ ਪਾਵਾਂਗੇ। ਫਿਰ ਇਹ ਬੜਾ ਮਿੱਠਾ ਤੇ ਸਵਾਦਲਾ ਜੀਵਨ ਬਣਦਾ ਜਾਵੇਗਾ। ਮਨ ਕਰੇਗਾ ਕਿ ਇਸ ਮਾਰਗ ਤੇ ਟੁਰਦੇ ਹੀ ਜਾਈਏ। ਇਹ ਇਕ ਦਿਨ ਦਾ ਕੰਮ ਨਹੀਂ, ਇਹ ਸਾਰੀ ਉਮਰ ਕਰੀ ਜਾਣਾ ਹੈ।

ਫਿਰ ਕਿਸੇ ਸਾਧੂ ਸੰਤ ਕੋਲ ਜਾਣ ਦੀ ਲੋੜ ਨਹੀਂ, ਆਪਣੇ ਆਪ ਨਾਲ ਬੈਠ ਕੇ ਸਵਾਲ ਜਵਾਬ ਕਰੋ, ਕਿ ਮੇਰੇ ਕਰਮ ਕਿਹੋ ਜਹੇ ਬਣ ਰਹੇ ਹਨ। ਅਗਰ ਸਾਡੇ ਦਿਲ ਵਿਚ ਦੂਜਿਆਂ ਲਈ ਪਿਆਰ, ਦਇਆ ਅਤੇ ਨਿਮਰਤਾ ਉਪਜ ਰਹੀ ਹੈ, ਸਤਿਗੁਰਾਂ ਨੂੰ ਮਿਲਣ ਵਾਸਤੇ ਵੈਰਾਗ ਉਠ ਰਿਹਾ ਹਾਂ, ਤਾਂ ਤੇ ਗੁਰੂ ਦੀ ਅਪਾਰ ਬਖਸ਼ਿਸ਼ ਹੋ ਰਹੀ ਹੈ।

ਪਰ ਜੇ ਮਨ ਵਿਚ ਮਾੜੇ ਖਿਆਲ ਉਠ ਰਹੇ ਹਨ, ਦਇਆ ਅਤੇ ਨਿਮਰਤਾ ਦੀ ਥਾਂ ਕਰੋਧ ਉਠਦਾ ਹੈ, ਮਨ ਭਟਕਦਾ ਹੀ ਹੈ ਤਾਂ ਸਾਫ ਹੈ ਕਿ ਅਸੀਂ ਸਵੱਛ ਮਨ ਨਾਲ ਸਿਮਰਨ ਨਹੀਂ ਕਰ ਰਹੇ, ਕਿਧਰੇ ਨਾ ਕਿਧਰੇ ਸਾਡੇ ਵਿਚ ਕਮੀ ਹੈ। ਸੋ ਸਵੱਛ ਹਿਰਦੇ ਨਾਲ ਗੁਰੂ ਕੇ ਸਾਜੇ ਨਿਵਾਜੇ ਪੰਜਾਂ ਪਿਆਰਿਆਂ ਰਾਹੀਂ ਦ੍ਰਿੜ੍ਹਾਏ ਗਏ ਸਿਮਰਨ ਦਾ ਜਾਪ ਕਰਨਾ, ਮੇਹਨਤ ਕਰਨੀ ਸਾਡਾ ਕੰਮ ਹੈ। ਫਲ ਦੇਣਾ ਗੁਰੂ ਦਾ ਕੰਮ ਹੈ। ਅਸੀਂ ਹਰ ਤਰਫ਼ੋਂ ਮਨ ਨੂੰ ਹਟਾ ਕੇ ਗੁਰੂ ਦੀ ਯਾਦ ਵਿਚ ਲਾਈਏ, ਫਿਰ ਬਖਸ਼ਸ਼ਾਂ ਹੁੰਦੀਆਂ ਹਨ।

ਮੇਰੇ ਵਰਗਾ ਬੰਦਾ ਸਾਰੇ ਨਾਗਪੁਰ ਵਿਚ ਕੋਈ ਨਹੀਂ ਹੋਣਾ। ਪੰਜਾਹ ਸਾਲ ਮੇਰੇ ਜ਼ਾਇਆ ਚਲੇ ਗਏ। ਪਰ ਹੁਣ ਜਦ ਤੋਂ ਮਹਾਰਾਜ ਨੇ ਅੱਖਾਂ ਤੋਂ ਅਗਿਆਨਤਾ ਦਾ ਪੜਦਾ ਲਾਹਿਆ ਹੈ ਉਸ ਦੇ ਹੁਕਮਾਂ ਤੇ ਚਲਣ ਦੀ ਕੋਸ਼ਿਸ਼ ਜ਼ਰੂਰ ਕਰ ਰਿਹਾ ਹਾਂ ਤੇ ਹਰ ਰੋਜ਼, ਹਰ ਸਮੇਂ ਸਤਿਗੁਰੂ ਮਹਾਰਾਜ ਦੀਆਂ ਬਖਸ਼ਿਸ਼ਾਂ ਵੀ ਅਨਭਵ ਕਰ ਰਿਹਾ ਹਾਂ। "ਜੋ ਮਾਗਹਿ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ ॥"
ਦੀ ਬਖਸ਼ਸ਼ ਅਨੁਸਾਰ ਸਤਿਗੁਰੂ ਮਨ-ਇੱਛਤ ਲੋੜਾਂ ਪੂਰੀਆਂ ਕਰ ਰਹੇ ਹਨ। ਉਨ੍ਹਾਂ ਦਾ ਕੋਟਾਨ ਕੋਟ ਸ਼ੁਕਰ!

ਅਗੋਂ ਹਰ ਵੇਲੇ ਮਹਾਰਾਜ ਅਗੇ ਅਰਦਾਸ ਹੈ ਕਿ ਹੇ ਦਾਤਾ! ਜ਼ਿੰਦਗੀ ਦੇ ਜੋ ਵੀ ਦਿਨ ਬਾਕੀ ਹਨ, ਚੰਗੇ ਪਾਸੇ ਲਾਈ ਰਖਣਾ, ਆਪਣੇ ਸੇਵਕ ਦੀ ਆਪ ਲਾਜ ਰਖਣੀ, ਆਪਣੇ ਹੁਕਮਾਂ ਤੇ ਚਲਣ ਦਾ ਬਲ ਬਖਸ਼ਣਾ, ਗੁਰਸਿਖਾਂ ਦੀ ਸੰਗਤ ਬਖਸ਼ਣੀ ਤੇ ਸਵੱਛ ਮਤਿ ਪ੍ਰਦਾਨ ਕਰਦੇ ਰਹਿਣਾ।

---

*ਗੁਰੂ ਦੀ ਸ਼ਰਨ ਪੈ ਕੇ ਇਹ ਮਨ ਜੀਵਤ-ਭਾਵ ਵਲੋਂ ਮਰ ਜਾਏ ਅਤੇ ਫਿਰ ਸਚੇ ਨਾਮ ਵਿਚ ਲਿਵ ਲਾ ਦੇਵੇ।



www.AKJ.Org

# ਰਤੇ ਇਸਕ ਖੁਦਾਇ

ਸ: ਦਲੀਪ ਸਿੰਘ ਜੀ 'ਬਾਵਾ' (ਸਾਡਾ ਵਿਰਸਾ ਸਾਡਾ ਗੌਰਵ)

ਇਸ਼ਕ ਵਿਚ ਰਤੇ ਹੋਣਾ ਤੇ ਉਹ ਵੀ ਖ਼ੁਦਾ ਦੇ, ਵਾਹਿਗੁਰੂ ਜੀ ਦੇ ਇਸ਼ਕ ਵਿਚ, ਕੋਈ ਰੱਬੀ ਪਿਆਰ ਦਾ ਮਤਵਾਲਾ ਹੀ ਦਸ ਸਕਦਾ ਹੈ ਇਹਦਾ ਅਨੰਦ ਤੇ ਰਸ। ਪਰ ਉਸ ਨੂੰ ਵਿਸਰ ਕੇ ਧਰਤੀ ਤੇ ਬੋਝ ਹੀ ਰਹਿ ਜਾਂਦਾ ਹੈ, ਇਹ ਹੋਰ ਵੀ ਨਿਰਾਲੀ ਚੀਜ਼ ਹੈ। ਪਰ ਕੀ ਅੱਜ ਦੇ ਨੌਜਵਾਨ ਇਸ ਰੱਬੀ ਹੁਕਮ ਤੋਂ ਮੁਨਕਰ ਨਹੀਂ ਹੋ ਗਏ ? ਜੇ ਉੱਤਰ 'ਹਾਂ' ਵਿਚ ਹੈ ਤਾਂ ਐਸਾ ਹੋਣ ਕਰਕੇ ਹੀ ਅਸੀਂ "ਨਿਰਮਲ ਕਰਮੁ", ਜੋ "ਹਰਿ ਕੋ ਨਾਮੁ ਜਪਿ" ਤੋਂ ਉਤਪੰਨ ਹੋਣਾ ਹੈ, ਤੋਂ ਵਾਂਝੇ ਰਹਿ ਗਏ ਹਾਂ। ਫੇਰ ਤਾਂ "ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ" ਦਾ ਰੱਬੀ ਹੁਕਮ ਵਰਤਣਾ ਹੀ ਹੈ ਤੇ 'ਕਿਸ ਥੈ ਰੋਵਹਿ ਰੋਜ' ਦਾ ਫੁਰਮਾਨ ਵੀ ਅਟੱਲ ਹੈ। ਗੁਰਬਾਣੀ ਦਾ ਫੁਰਮਾਨ ਹੈ :–

ਰਸਨਾ ਜਪੈ ਨ ਨਾਮੁ ਤਿਲੁ ਤਿਲੁ ਕਰਿ ਕਟੀਐ ॥
ਹਰਿਹਾਂ ਜਬ ਬਿਸਰੈ ਗੋਬਿੰਦ ਰਾਇ ਦਿਨੋ ਦਿਨੁ ਘਟੀਐ ॥੧੪॥ (੧੩੬੩)

ਅਸੀਂ ਰੋਜ਼ਾਨਾ ਸੋਦਰ ਦਾ ਪਾਠ ਕਰਨ ਲਗਿਆਂ ਹਜ਼ੂਰ ਦਾ ਇਹ ਫ਼ੁਰਮਾਨ ਯਾਦ ਕਰਦੇ ਹਾਂ:–

ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰ ਨਾਉ ॥
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰ ਨਾਉ ॥
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ ॥
ਕਹੁ ਨਾਨਕ ਕਿਰਪਾ ਕਰੇ ਜਿਸਨੋ ਏਹ ਵਥੁ ਦੇਇ ॥
ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ ॥੧॥ (੫੧੭)

ਸਪਸ਼ਟ ਹੈ ਕਿ ਜਿਹਵਾ ਤੋਂ ਵਾਹਿਗੁਰੂ ਦਾ ਸਿਮਰਨ ਕੀਤਿਆਂ, ਹਿਰਦੇ ਵਿਚ ਗੁਰ ਪਰਮੇਸ਼ਰ ਅਰਾਧਿਆਂ, ਨੇਤਰਾਂ ਦੁਆਰਾ ਖਾਲਸਾ ਜੀ ਦੇ ਦਰਸ਼ਨ ਦੀਦਾਰੇ ਪਰਸਿਆਂ ਸਤਿਗੁਰਾਂ ਨਾਲ ਰਤੇ ਜਾਈਦਾ ਹੈ–ਪਰ ਇਹ ਸਭ ਓਹਦੀ ਕਿਰਪਾ ਤੋਂ ਬਿਨਾਂ ਨਹੀਂ ਹੁੰਦਾ। ਉਹਦੀ ਕਿਰਪਾ ਨਾਲ–

"ਰਤਾ ਮੇਰਾ ਚੋਲਾ ਸਦ ਰੰਗ ਢੋਲਾ ॥" ਤੇ "ਹਰਿ ਨਾਮਿ ਮਜੀਠੈ ਰੰਗਿ ਰੀ ॥"

ਦੀ ਅਵਸਥਾ ਪ੍ਰਾਪਤ ਹੁੰਦੀ ਹੈ। ਅਜਿਹੇ ਗੁਰਮੁਖ ਭਾਵੇਂ ਵਿਰਲੇ ਹਨ, ਪਰ ਜਗ ਵਿਚ ਉੱਤਮ ਹੋ ਨਿਬੜਦੇ ਹਨ ਤੇ ਦਰਗਾਹ ਵਿਚ ਵੀ ਪਰਵਾਨ ਚੜ੍ਹਦੇ ਹਨ।

ਆਓ ! ਅਰਦਾਸ ਕਰੀਏ, ਸਾਨੂੰ ਵੀ ਅਜਿਹੇ ਗੁਰਮੁਖ ਗੁਰਸਿਖਾਂ ਦੀ ਸੰਗਤ ਤੇ ਧੂੜੀ ਪ੍ਰਾਪਤ ਹੋ ਜਾਏ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਫ਼ੁਰਮਾਨ ਹੈ :

ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥
ਫ਼ਰੀਦਾ ਕਿਤੰੀ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥੩੪॥ (੧੩੭੯)

ਇਸ ਪ੍ਰਭੂ-ਪ੍ਰੀਤੀ ਬਿਨਾਂ ਕੀ ਅੱਜ ਦਾ ਨੌਜੁਆਨ ਸੁੱਕ ਗਿਆ ਹੈ ਤੇ ਕੁਮਲਾਇਆ ਹੋਇਆ ਨਹੀਂ ?

ਬਸੰਤ ਦਾ ਮੌਸਮ ਆ ਗਿਆ ਹੈ, ਇਸ ਲਈ ਕਾਦਰ ਦੀ ਕੁਦਰਤ ਨਾਲ ਇਕ-ਸੁਰ ਹੋ ਕੇ ਸੁੱਕੇ ਪੱਤੇ ਝਾੜ ਕੇ ਖੇੜਾ ਧਾਰਨ ਕਰੀਏ। ਇਹ ਖੇੜਾ, ਹਰਿਆਵਲ ਤੇ ਬਸੰਤ ਕਿਨ੍ਹਾਂ ਲਈ ਹੈ :

ਨਾਨਕ ਤਿਨਾ ਬਸੰਤੁ ਹੈ ਜਿਨ੍ਹਿ ਘਰਿ ਵਸਿਆ ਕੰਤੁ ॥
ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ ॥੨॥੧੮ (੭੯੧)

ਆਓ ! ਆਪਣੇ ਘਰ (ਮਨ) ਵਿਚ ਕੰਤ ਵਾਹਿਗੁਰੂ ਦਾ ਵਾਸਾ ਕਰ ਕੇ ਬਸੰਤ ਮਨਾ ਲਈਏ ਤੇ ਨੌਜੁਆਨਾਂ ਤੇ ਆਈ ਬਸੰਤ ਨੂੰ ਦੁਨੀਆ ਵੇਖੇ। ਖੇੜੇ ਖੁਸ਼ੀਆਂ ਮਾਣੀਏ–ਖੇੜੇ ਖੁਸ਼ੀਆਂ ਵੰਡੀਏ ਤੇ ਇਸ ਤਰ੍ਹਾਂ ਓਹਦੀਆਂ ਖੁਸ਼ੀਆਂ ਨਾਲ ਮਾਲਾ-ਮਾਲ ਹੋ, ਸਰਬੱਤ ਦੇ ਭਲੇ ਦਾ ਨਿਸ਼ਾਨਾ ਪ੍ਰਾਪਤ ਕਰੀਏ।



www.AKJ.Org

# ਸਿੱਖੀ ਦੀ ਸ਼ਾਨ-'ਕੇਸ'

[ਸ: ਗੁਰਮੁਖ ਸਿੰਘ ਜੀ ਐਮ. ਏ., ਕੋਟ ਈਸੇ ਖਾਂ]

ਕੇਸ ਧਾਰਨ ਕਰਨਾ ਅਜੋਕੀ ਗੱਲ ਨਹੀਂ । ਪੁਰਾਤਨ ਸਮੇਂ ਵਿਚ ਰਿਸ਼ੀ-ਮੁਨੀ, ਪੀਰ ਪੈਗੰਬਰ, ਅਵਤਾਰ ਸਭ ਕੇਸਾਧਾਰੀ ਸਨ । ਭਾਰਤੀ ਧਰਮਾਂ ਵਿਚ ਹੀ ਨਹੀਂ, ਸਗੋਂ ਸੰਸਾਰ ਦੇ ਸਾਰੇ ਧਰਮਾਂ ਦੇ ਰਹਿਬਰ ਕੇਸਾਧਾਰੀ ਸਨ । ਈਸਾ ਸਾਹਿਬ ਦੀਆਂ ਜਿਤਨੀਆਂ ਵੀ ਤਸਵੀਰਾਂ ਅਸੀਂ ਵੇਖਦੇ ਹਾਂ, ਕੇਸਾਂ ਸਹਿਤ ਹਨ । ਮੁਸਲਿਮ ਧਰਮ ਦੇ ਬਾਨੀ ਹਜ਼ਰਤ ਸਾਹਿਬ ਵੀ ਕੇਸਾਧਾਰੀ ਸਨ । ਇਸਲਾਮ ਧਰਮ ਦੇ ਪ੍ਰਚਾਰਕ ਬਹਾ-ਉੱਲਾ ਸਾਹਿਬ ਨੇ ਆਪਣੀ ਪੁਸਤਕ 'ਅਕਸਦ' ਵਿਚ ਹਦਾਇਤ ਕੀਤੀ ਹੈ ਕਿ ਆਪਣੇ ਸਿਰ ਦੇ ਕੇਸਾਂ ਨੂੰ ਉੱਕਾ ਨਾ ਮੁੰਨਣਾ, ਕਿਉਂਕਿ ਕੇਸ ਸੁਤੰਤਰਤਾ ਦੀ ਨਿਸ਼ਾਨੀ ਹਨ ।

ਹੱਜ ਕਰਨ ਵਾਲਿਆਂ ਵਾਸਤੇ ਵੀ ਕੇਸ ਜ਼ਰੂਰੀ ਸਨ । ਇਕ ਵਾਰੀ ਦੀ ਗੱਲ ਹੈ ਕਿ ਔਰੰਗਜ਼ੇਬ ਮਸਜਿਦ ਦੇ ਨਜ਼ਦੀਕ ਫਿਰ ਰਿਹਾ ਸੀ । ਉੱਥੇ ਉਸ ਨੇ ਇਕ ਦਾੜ੍ਹੀ ਵਾਲਾ ਪੁਰਸ਼ ਵੇਖਿਆ ਅਤੇ ਬੜੇ ਪਿਆਰ ਨਾਲ ਉਸ ਨੂੰ ਬੁਲਾਇਆ । ਪਰ ਜਦੋਂ ਉਸ ਨੂੰ ਪਤਾ ਲੱਗਾ ਕਿ ਇਹ ਗ਼ੈਰ-ਮੁਸਲਿਮ ਹੈ ਤਾਂ ਉਸ ਧਾਰਮਕ ਕੱਟੜਪੁਣੇ ਕਾਰਨ ਗ਼ੈਰ-ਮੁਸਲਿਮ ਲੋਕਾਂ ਦੇ ਕੇਸ ਜਬਰੀ ਕੱਟਣੇ ਸ਼ੁਰੂ ਕਰਵਾ ਦਿੱਤੇ । ਬੰਦਸ਼ ਲਗਵਾ ਦਿਤੀ ਕਿ ਕੋਈ ਹਿੰਦੂ ਦਾੜ੍ਹੀ ਨਹੀਂ ਰੱਖ ਸਕਦਾ । ਨਾ ਹੀ ਪੱਗ ਬੰਨ੍ਹ ਸਕਦਾ ਹੈ । ਕੱਟ ਕੇ ਲਿਆਦੇ ਵਾਲਾਂ ਦਾ ਮੁੱਲ ਪੈਣ ਲਗਾ ।

ਕੇਸ ਕਟਵਾਉਣਾ ਬਹੁਤ ਨਹਿਸ਼ ਗਿਣਿਆ ਜਾਂਦਾ ਰਿਹਾ ਹੈ । ਮੰਨੂੰ-ਸਿਮ੍ਰਤੀ ਵਿਚ ਲਿਖਿਆ ਹੈ ਕਿ ਜਿਹੜਾ ਬ੍ਰਾਹਮਣ ਕੁਕਰਮ ਕਰਦਾ ਹੈ, ਜਾਂ ਜੋ ਸਜ਼ਾ ਦਾ ਭਾਗੀ ਹੈ ਤਾਂ ਉਸ ਦੇ ਕੇਸ-ਦਾੜ੍ਹੀ ਮੁੰਨ ਦਿੱਤੇ ਜਾਣ । ਕੇਸ ਕੱਟੇ ਜਾਣਾ ਮੌਤ ਦੀ ਸਜ਼ਾ ਤੋਂ ਵੀ ਵੱਧ ਸਜ਼ਾ ਗਿਣੀ ਜਾਂਦੀ ਸੀ । ਹਨੂਮਾਨ ਨਾਟਕ ਵਿਚ ਵੀ ਕੇਸਾਂ ਸੰਬੰਧੀ ਸੰਬਾਦ ਹੈ, ਜਦ ਪਰਸ ਰਾਮ ਕਸ਼ੱਤਰੀਆਂ ਨੂੰ ਮਾਰਦਾ ਫਿਰਦਾ ਸੀ ਅਤੇ ਉਹ ਰਾਮ ਚੰਦਰ ਜੀ ਨੂੰ ਮਾਰਨ ਲਈ ਹਮਲੇ ਦੀ ਤਿਆਰੀ ਕਰ ਰਿਹਾ ਸੀ ਤਾਂ ਲਛਮਨ ਦੇਵ ਜੀ ਦੇ ਕਾਬੂ ਆ ਗਿਆ । ਲਛਮਨ ਨੇ ਭਰਾ ਨੂੰ ਕਿਹਾ, ''ਕਹੋਂ ਬਾਰਧ ਉਤਾਰੋਂ, ਕਹੋਂ ਭੁਜਾ ਕਾਟ ਡਾਰੋਂ, ਕਹੋਂ ਸੀਸ ਉਤਾਰੋਂ, ਕਹੋਂ ਜੂਰਾ ਕਾਟ ਲੀਜੀਏ ।'' ਅੱਗੋਂ ਪਰਸ ਰਾਮ ਨੇ ਕਿਹਾ ਕਿ ਹੋਰ ਜੋ ਮਰਜੀ ਕਰੋ, ਪਰ ਮੇਰੇ ਕੇਸਾਂ ਨੂੰ ਹੱਥ ਨਾ ਲਾਉਣਾ । ਇਸੇ ਤਰ੍ਹਾਂ ਕਿਹਾ ਜਾਂਦਾ ਹੈ ਕਿ ਰੁਕਮਣੀ ਦੇ ਭਰਾ ਰੁਕਮਈਆ ਨੇ ਵੀ ਆਪਣੇ ਕੇਸ ਨਹੀਂ ਸੀ ਮੁੰਨਣ ਦਿੱਤੇ । ਗੁਰਬਾਣੀ ਵਿਚ ਹਵਾਲਾ ਆਉਂਦਾ ਹੈ ਕਿ ਕੰਸ ਨੂੰ ਕੇਸਾਂ ਤੋਂ ਪਕੜ ਕੇ ਪਛਾੜਿਆ ਗਿਆ ਸੀ, ਭਾਵ ਇਹੋ ਹੈ ਕਿ ਕੰਸ ਦੇ ਵੀ ਸਿਰ ਤੇ ਕੇਸ ਸਨ ।

ਲੇਖਕ ਟੈਕੀਨਸ ਲਿਖਦਾ ਹੈ ਕਿ ਜਰਮਨ ਲੋਕ ਆਪਣੇ ਸਿਰ ਤੇ ਜੂੜਾ ਕਰਿਆ ਕਰਦੇ ਸਨ । ਰੂਸੀ ਪੁਰਾਤਨ ਕਹਾਣੀਆਂ ਤੋਂ ਵੀ ਉਨ੍ਹਾਂ ਦੀ ਲੰਮੀ-ਲੰਮੀ ਦਾੜ੍ਹੀ ਰੱਖਣ ਦਾ ਪਤਾ ਲਗਦਾ ਹੈ । ਭਾਰਤੀ ਪੰਚ-ਤੰਤਰ ਦੀਆਂ ਕਹਾਣੀਆਂ ਤੋਂ ਵੀ ਦਾੜ੍ਹੀ-ਮੁੱਛਾਂ ਵਾਲੇ ਬੰਦਿਆਂ ਦੇ ਹਵਾਲੇ ਮਿਲਦੇ ਹਨ ।

ਕੇਸ ਰਖਣਾ ਵਿਗਿਆਨਕ ਪੱਖੋਂ ਵੀ ਲਾਹੇਵੰਦ ਹਨ । ਕੇਸ ਮਨੁੱਖੀ ਸਰੀਰ ਵਿਚ ਵਿਟਾਮਿਨ-ਡੀ ਪੈਦਾ ਕਰਨ ਲਈ ਇਕ ਫ਼ੈਕਟਰੀ ਦਾ ਕੰਮ ਕਰਦੇ ਹਨ । ਇਸ ਵਿਟਾਮਿਨ ਨਾਲ ਸਰੀਰ ਦੀਆਂ ਹੱਡੀਆਂ, ਦੰਦ ਅਤੇ ਨਰਵਸ ਸਿਸਟਮ ਮਜ਼ਬੂਤ ਹੁੰਦਾ ਹੈ । ਵਾਲ ਜਿਤਨੇ ਲੰਮੇ ਹੋਣਗੇ, ਉਨ੍ਹਾਂ ਵਿਚਲਾ ਤੇਲ ਸੂਰਜੀ ਸ਼ਕਤੀ ਦੇ ਅਮਲ ਨਾਲ ਉਤਨਾ ਹੀ ਵਧ ਵਿਟਾਮਿਨ-ਡੀ ਪੈਦਾ ਕਰੇਗਾ ।

ਜੇਕਰ ਵਾਲ ਨਾ ਕੱਟੇ ਜਾਣ ਤਾਂ ਇਕ ਖਾਸ ਲੰਬਾਈ ਤੇ ਪਹੁੰਚ ਕੇ ਵਧਣਾ ਬੰਦ ਕਰ ਦਿੰਦੇ ਹਨ । ਪਰ ਜਦੋਂ ਵਾਲਾਂ ਨੂੰ ਬਾਰ ਬਾਰ ਕਟਿਆ ਜਾਂਦਾ ਹੈ ਤਾਂ ਨਵੇਂ ਵਾਲ ਉੱਗਣ ਲਈ ਇਨ੍ਹਾਂ ਨੂੰ ਕਿੰਨੀ ਹੀ ਮਾਤਰਾ ਵਿੱਚ ਹੋਰ ਪ੍ਰੋਟੀਨ ਦੀ ਲੋੜ ਪੈਂਦੀ ਹੈ । ਕੱਟੇ ਹੋਏ ਵਾਲ ਤੀਸਰੇ ਦਿਨ ਇੰਚ ਦਾ ਅਠਵਾਂ ਹਿੱਸਾ ਵਧ ਜਾਂਦੇ ਹਨ ।

[ਬਾਕੀ ਦੇਖੋ ਸਫ਼ਾ ੨੪ ਦੇ ਹੇਠ]



www.AKJ.Org

# ਆਓ, ਜ਼ਰਾ ਸੋਚੀਏ

[ਸਿਖ ਮਿਸ਼ਨਰੀ ਕਾਲਜ, ਫ਼ੀਲਡ ਗੰਜ, ਲੁਧਿਆਣਾ]

ਐ ਮੇਰੇ ਵੀਰ ! ਜੇ ਕਦੀ ਤੂੰ ਆਪਣਾ ਮਹਾਨ ਇਤਿਹਾਸ ਪੜ੍ਹੇਂ ਤਾਂ ਤੈਨੂੰ ਪਤਾ ਲਗੇ ਕਿ ਤੇਰੇ ਬਜ਼ੁਰਗ ਵੀਰ ਭੈਣਾਂ ਨੇ ਗੁਰੂ ਦੇ ਬਖਸ਼ੇ ਅੰਮ੍ਰਿਤ ਨੂੰ ਛਕ ਕੇ ਜਿਥੇ ਬਹਾਦਰੀ ਦੇ ਮਹਾਨ ਉਪਕਾਰੀ ਕੰਮ ਕੀਤੇ ਹਨ, ਉਥੇ ਉਨ੍ਹਾਂ ਉਚੇ ਆਚਰਨ ਦੀਆਂ ਸਿਖਰਾਂ ਨੂੰ ਵੀ ਛੁਹਿਆ ਹੈ । ਇਥੇ ਹੀ ਬੱਸ ਨਹੀਂ, ਗੁਰੂ ਕੇ ਸਿੰਘ ਸਿੰਘਣੀਆਂ ਨੇ ਧਰਮ ਵਿਚ ਪਰਪੱਕ ਰਹਿੰਦਿਆਂ, ਜੋ ਜੋ ਕੁਰਬਾਨੀਆਂ ਕੀਤੀਆਂ, ਉਹਨਾਂ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਇਸ ਛੋਟੀ ਜਿਹੀ ਕੌਮ ਵਿਚ ਧਰਮ ਦੀ ਖਾਤਰ ਮਰ ਮਿਟਣ ਵਾਲਿਆਂ ਦੀ ਗਿਣਤੀ ਬੜੀ ਲੰਬੀ ਹੈ । ਭਾਈ ਤਾਰੂ ਸਿੰਘ ਜੀ ਦੀ ਖੋਪਰੀ ਛੈਣੀ ਹਥੌੜੇ ਨਾਲ ਇਸ ਲਈ ਲਾਹ ਦਿਤੀ ਗਈ ਸੀ ਕਿਉਂਕਿ ਉਹ ਸਿੱਖ ਧਰਮ ਦੀ ਮੁਢਲੀ ਤੇ ਜ਼ਰੂਰੀ ਨਿਸ਼ਾਨੀ ਕੇਸ-ਦਾੜ੍ਹੀ ਕਟਾਉਣੇ ਨਹੀਂ ਸਨ ਮੰਨੇ । ਭਾਈ ਮਨੀ ਸਿੰਘ ਜੀ ਨੇ ਬੰਦ-ਬੰਦ ਕਟਵਾ ਲੈਣੇ ਪ੍ਰਵਾਨ ਕਰ ਲਏ, ਪਰ ਆਪਣੀਆਂ ਧਾਰਮਕ ਰਵਾਇਤਾਂ ਨੂੰ ਕਾਇਮ ਰਖਣ ਵਿਚ ਕੋਈ ਕਸਰ ਨਹੀਂ ਰਹਿਣ ਦਿਤੀ । ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਐਸੇ ਨੇਕ, ਇਨਸਾਫ਼-ਪਸੰਦ, ਸੂਝਵਾਨ ਤੇ ਹਰਮਨ ਪਿਆਰੇ ਸਨ ਕਿ ਸਮੇਂ ਦੀ ਹਕੂਮਤ ਸਿਖਾਂ ਦੇ ਸਖ਼ਤ ਵਿਰੋਧੀ ਹੁੰਦਿਆਂ ਵੀ ਇਨ੍ਹਾਂ ਨੂੰ ਆਪਣਾ ਅਹਿਲਕਾਰ ਰਖ ਕੇ ਫ਼ਖਰ ਸਮਝਦੀ ਸੀ । ਪਰ ਸਮਾਂ ਆਉਣ ਤੇ ਇਨ੍ਹਾਂ ਦੋਹਾਂ ਪਿਓ-ਪੁਤਰਾਂ ਨੂੰ ਚਰਖੜੀ ਉਤੇ ਚਾੜ੍ਹ ਕੇ ਤੂੰਬਾ-ਤੂੰਬਾ ਇਸ ਲਈ ਕਰ ਦਿਤਾ ਗਿਆ, ਕਿਉਂਕਿ ਉਹ ਸਿੱਖ ਧਰਮ ਛੱਡ ਕੇ ਮੁਸਲਮਾਨ ਬਣਨਾ ਪ੍ਰਵਾਨ ਨਹੀਂ ਸਨ ਕਰਦੇ ।

ਇਤਿਹਾਸ ਪੜ੍ਹਨ ਵਾਲੇ ਚੰਗੀ ਤਰ੍ਹਾਂ ਜਾਣਦੇ ਹਨ ਕਿ ਬੰਦਾ ਸਿੰਘ ਬਹਾਦਰ ਨੂੰ ਜੀਉਂਦਿਆਂ ਜੀਅ ਗਰਮ ਜੰਬੂਰਾਂ ਨਾਲ ਮਾਸ ਨੋਚ-ਨੋਚ ਕੇ ਸ਼ਹੀਦ ਕਰਨ ਦੀ ਘਟਨਾ ਨੂੰ ਵੇਖਣ ਵਾਲੇ ਤ੍ਰਾਹ ਤ੍ਰਾਹ ਕਰ ਉਠੇ ਸਨ । ਪਰ ਧੰਨ ਸਨ ਉਹ, ਤੇ ਉਨ੍ਹਾਂ ਵਰਗੇ ਹਜ਼ਾਰਾਂ ਲਖਾਂ ਗੁਰੂ ਕੇ ਲਾਲ, ਜਿਹੜੇ ਇਹੋ ਜਿਹੇ ਅਨੇਕਾਂ ਦੁਖ ਤੇ ਤਸੀਹੇ ਸਹਾਰਦੇ-ਸਹਾਰਦੇ ਸ਼ਹੀਦੀਆਂ ਪਾ ਗਏ, ਪਰ ਕੀ ਮਜਾਲ, ਕਿਸੇ ਨੇ ਧਰਮ ਵਲੋਂ ਮੂੰਹ ਮੋੜਨ ਦਾ ਨਾਂ ਵੀ ਲਿਆ ਹੋਵੇ ।

ਕੇਵਲ ਸਿੰਘਾਂ ਨੇ ਹੀ ਨਹੀਂ, ਸਗੋਂ ਸਾਡੀਆਂ ਸਤਿਕਾਰ ਯੋਗ ਬਜ਼ੁਰਗ ਮਾਤਾਵਾਂ ਤੇ ਭੈਣਾਂ ਨੇ ਵੀ ਕੋਈ ਘਟ ਕੁਰਬਾਨੀਆਂ ਨਹੀਂ ਕੀਤੀਆਂ । ਇਹਨਾਂ ਧਰਮੀ ਮਾਤਾਵਾਂ ਨੇ ਜ਼ਾਲਮਾਂ ਦੀ ਕੈਦ ਵਿਚ ਜਿਥੇ ਸਵਾ ਸਵਾ ਮਣ ਪੀਹਣੇ ਪੀਠੇ, ਮਾਰਾਂ ਤਸੀਹੇ ਸਹੇ, ਉਥੇ ਆਪਣੇ ਛੋਟੇ ਛੋਟੇ ਬੱਚਿਆਂ ਨੂੰ ਟੋਟੇ ਟੋਟੇ ਹੁੰਦਾ ਅਖੀਂ ਵੇਖਿਆ ਅਤੇ ਉਨ੍ਹਾਂ ਦੇ ਟੁਕੜਿਆਂ ਦੇ ਹਾਰ ਜ਼ਾਲਮਾਂ ਦੇ ਹਥੋਂ ਆਪਣੇ ਗਲਾਂ ਵਿਚ ਪੁਆਏ । ਪਰ ਕੀ ਮਜਾਲ, ਕਿਸੇ ਇਕ ਨੇ ਵੀ ਧਰਮ ਤੋਂ ਮੂੰਹ ਮੋੜਿਆ ਹੋਵੇ ।

ਮੁਸਲਮਾਨ ਇਤਿਹਾਸਕਾਰ, ਸਯਦ ਮੁਹੰਮਦ ਲਤੀਫ਼ ਆਪਣੀ ਪੁਸਤਕ 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ ਕਿ ਜਦੋਂ ਜ਼ਕਰੀਆ ਖਾਨ, ਯਹੀਯਾ ਖਾਨ, ਮੀਰ ਮੰਨੂੰ (ਮੀਰ ਮਯੁੱਨਲ ਮੁਲਕ) ਲਾਹੌਰ ਦੇ ਹਾਕਮ (ਗਵਰਨਰ) ਰਹੇ, ਉਨ੍ਹਾਂ ਸਮਿਆਂ ਵਿਚ ਹਰ ਰੋਜ਼ ਹਜ਼ਾਰਾਂ ਸਿੰਘ ਬਾਹਰੋਂ ਫੜੇ ਹੋਏ ਲਾਹੌਰ ਲਿਆਂਦੇ ਜਾਂਦੇ । ਉਨ੍ਹਾਂ ਨੂੰ ਲਾਹੌਰ ਦੇ ਵੱਖ ਵੱਖ ਬਜ਼ਾਰਾਂ ਵਿਚ ਦਿਨ-ਦੀਵੀਂ ਕਤਲ ਕੀਤਾ ਜਾਂਦਾ, ਪਰ ਕੋਈ ਵੀ ਮੌਤ ਤੋਂ ਬਚ ਨਿਕਲਣ ਦਾ ਨਾਮ ਨਾ ਲੈਂਦਾ, ਸਗੋਂ ਉਹ ਖੁਸ਼ੀ ਖੁਸ਼ੀ ਗੀਤ ਗਾਂਦੇ—

ਮੰਨੂੰ ਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ ।
ਜਿਉਂ ਜਿਉਂ ਮੰਨੂੰ ਵਢਦਾ, ਅਸੀਂ ਦੂਣ ਸਵਾਏ ਹੋਏ ।

ਇਹ ਕੀ ਸੀ ? ਇਹ ਸਾਰੀ ਅੰਮ੍ਰਿਤ ਦੀ ਸ਼ਕਤੀ ਸੀ, ਜਿਸ ਨੂੰ ਛਕ ਕੇ ਸਿੱਖ, ਸਿੰਘ ਬਣ ਕੇ ਗੁਰਬਾਣੀ



www.AKJ.Org

ਤੇ ਬਾਣੇ ਨੂੰ ਤਨੋਂ-ਮਨੋਂ ਅਪਣਾਉਂਦੇ ਸਨ।

**ਯਾਦ ਰਖੋ ! ਥੋੜ੍ਹੇ ਕੀਤੇ ਮਨੁੱਖ ਆਪਣੇ ਵੈਰੀ ਦੀ ਚੰਗਿਆਈ ਕਦੀ ਨਹੀਂ ਦਸਦਾ ਹੁੰਦਾ। ਪਰ ਜਿਸ ਕਿਸੇ ਨੂੰ ਦੁਸ਼ਮਣ ਵੀ ਚੰਗਾ ਕਹਿੰਦੇ ਹੋਣ, ਉਸ ਦੇ ਚੰਗੇ ਹੋਣ ਵਿਚ ਕੋਈ ਸ਼ੱਕ ਨਹੀਂ ਹੁੰਦਾ।**

ਮੁਸਲਮਾਨ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਹੋਇਆ ਹੈ। ਇਹ ਇਤਨਾ ਕਟੜ ਹੈ ਕਿ ਆਪਣੀ ਪੁਸਤਕ 'ਜੰਗ ਨਾਮਾ' ਵਿਚ ਸਿੱਖਾਂ ਦਾ ਵਰਣਨ ਕਰਦਿਆਂ 'ਸਿੱਖ' ਸ਼ਬਦ ਦੀ ਥਾਂ 'ਸਗ' ਲਿਖਦਾ ਹੈ। (ਸਗ ਫ਼ਾਰਸੀ ਦਾ ਸ਼ਬਦ ਹੈ, ਜਿਸ ਦਾ ਭਾਵ ਹੈ—ਕੁੱਤਾ) ਉਹ ਕਾਜ਼ੀ ਆਪਣੀ ਪੁਸਤਕ ਵਿਚ ਇਉਂ ਲਿਖਦਾ ਹੈ :—

੧. ਉਹ (ਸਿੱਖ) ਕਿਸੇ ਔਰਤ ਦਾ, ਭਾਵੇਂ ਉਹ ਕਿਸੇ ਤਕੜੇ ਘਰ ਦੀ ਹੋਵੇ ਜਾਂ ਕਮੀਨ ਘਰ ਦੀ, ਉਸ ਦੇ ਗਹਿਣੇ ਅਤੇ ਧਨ ਕਦੇ ਨਹੀਂ ਲੁਟਦੇ।

੨. ਇਨ੍ਹਾਂ ਕੁੱਤਿਆਂ (ਸਿੱਖਾਂ) ਵਿਚ ਵਿਭਚਾਰ ਦਾ ਨਾਂ-ਨਿਸ਼ਾਨ ਹੀ ਨਹੀਂ, ਤੇ ਨਾ ਹੀ ਇਹ ਚੋਰੀ ਕਰਦੇ ਹਨ।

੩. ਔਰਤ (ਇਸਤ੍ਰੀ) ਜਵਾਨ ਹੋਵੇ ਭਾਵੇਂ ਬੁੱਢੀ, ਇਹ ਉਸ ਨੂੰ ਬੁੜੀਆ (ਬੁਢੀ) ਕਹਿ ਕੇ ਬੁਲਾਉਂਦੇ ਹਨ।

੪. ਇਨ੍ਹਾਂ ਕੁੱਤਿਆਂ (ਸਿੱਖਾਂ) ਵਿਚ ਚੋਰ ਕੋਈ ਹੁੰਦਾ ਹੀ ਨਹੀਂ। ਸੰਨ੍ਹ ਮਾਰਨ ਵਾਲਾ ਤਾਂ ਇਨ੍ਹਾਂ ਨੀਚਾਂ (ਸਿੱਖਾਂ) ਵਿਚ ਜੰਮਦਾ ਹੀ ਨਹੀਂ...ਇਹ ਜ਼ਨਾਹਕਾਰ (ਵਿਭਚਾਰੀ) ਅਤੇ ਚੋਰ ਨਾਲ ਕਦੀ ਵੀ ਭਾਈ-ਚਾਰਾ ਨਹੀਂ ਪਾਉਂਦੇ...।

ਕਾਜ਼ੀ ਨੂਰ ਮੁਹੰਮਦ ਇਉਂ ਲਿਖਦਾ-ਲਿਖਦਾ ਸਿੰਘਾਂ ਦੀ ਵਡਿਆਈ ਤੋਂ ਇਤਨਾ ਪ੍ਰਭਾਵਤ ਹੁੰਦਾ ਹੈ ਕਿ ਅਖੀਰ ਵਿਚ ਆਪ ਹੀ ਲਿਖੇ ਬਿਨਾਂ ਨਹੀਂ ਰਹਿ ਸਕਿਆ ਕਿ "ਇਨ੍ਹਾਂ ਕੁੱਤਿਆਂ ਨੂੰ ਕੁੱਤਾ ਨ ਕਹੋ, ਕਿਉਂਕਿ ਇਹ ਤਾਂ ਸ਼ੇਰ ਹਨ—ਅਤੇ ਲੜਾਈ ਦੇ ਮੈਦਾਨ 'ਚ ਬਹਾਦਰੀ ਨਾਲ ਜੂਝਣ ਸਮੇਂ ਸ਼ੇਰਾਂ ਵਾਂਗ ਦਲੇਰ ਹਨ......ਆਦਿ।

ਇੰਨੀਆਂ ਸਿਫਤਾਂ ਵਾਲੀ ਕੌਮ ਨਾਲ ਸੰਬੰਧ ਰੱਖਣ ਵਾਲਿਓ, ਮੇਰੇ ਵੀਰੋ ਤੇ ਭੈਣੋ !

ਆਉ ਅਜ ਜ਼ਰਾ ਆਪੋ ਆਪਣੀ ਥਾਂ ਸੋਚੀਏ, ਕਿ ਜਿਸ ਦੇ ਕੌਮੀ ਗੁਣਾਂ ਨੂੰ ਦੁਸ਼ਮਣਾਂ ਨੇ ਵੀ ਸਲਾਹਿਆ ਹੈ, ਉਹ ਗੁਣ ਕੀ ਸਾਡੇ ਵਿਚ ਹੁਣ ਉਸੇ ਤਰ੍ਹਾਂ ਹਨ ਜਾਂ ਕੁਝ ਫਰਕ ਪੈ ਗਿਆ ਹੈ ? ਜੇ ਫਰਕ ਪਿਆ ਹੈ ਤਾਂ ਕਿੰਨਾ ਕੁ ? ਅਤੇ ਉਸ ਪਏ ਫ਼ਰਕ ਬਾਰੇ ਕੀ ਅਸੀਂ ਕਦੀ ਸੋਚਿਆ ਹੈ ਕਿ ਇਹ ਫਰਕ ਕਿਉਂ ਪਿਆ ਤੇ ਕਿਸ ਤਰ੍ਹਾਂ ਪਿਆ ? ਅਤੇ ਇਸ ਪਏ ਫਰਕ ਨੂੰ ਦੂਰ ਕਰਨ ਲਈ ਅਸੀਂ ਕੀ ਕੁਝ ਕੀਤਾ ? ਅਤੇ ਅਗੋਂ ਕੀ ਕਰ ਰਹੇ ਹਾਂ ?

ਇਹ ਹਨ ਕੁਝ ਜ਼ਰੂਰੀ ਨੁਕਤੇ ਜਿਨ੍ਹਾਂ ਨੂੰ ਵਿਚਾਰਨਾ, ਪ੍ਰਚਾਰਨਾ ਤੇ ਮਹਿਸੂਸ ਕਰਨਾ ਸਾਡੀਆਂ ਸਾਰੀਆਂ ਸਿੱਖ ਸੰਸਥਾਵਾਂ ਦਾ ਜਿਥੇ ਫ਼ਰਜ਼ ਹੈ ਉਥੇ ਹਰ ਇਕ ਸਿੱਖ-ਸਿੰਘ ਅਖਵਾਉਣ ਵਾਲੇ ਦਾ ਨਿਜੀ ਫਰਜ਼ ਹੈ ਕਿ ਉਹ ਨੇਕ-ਨੀਤੀ ਨਾਲ ਇਸ ਗੰਭੀਰ ਮਸਲੇ ਉਤੇ ਵੀਚਾਰ ਕਰ ਕੇ ਕੁਝ-ਨਾ-ਕੁਝ ਜ਼ਰੂਰ ਕਰੇ।

ਕੁਝ ਕਰਨ ਤੋਂ ਪਹਿਲਾਂ ਸਾਨੂੰ ਆਪ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨਾ ਬੜਾ ਜ਼ਰੂਰੀ ਹੈ, ਕਿਉਂਕਿ ਮਹਾਰਾਜ ਆਪ ਕਹਿ ਗਏ ਹਨ :—

ਸਤਿਗੁਰ ਬਾਝਹੁ ਗੁਰੁ ਨਹੀ ਕੋਈ, ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (੪੩੫)

ਸਿੱਖ ਧਰਮ ਵਿਚ ਨਿਗੁਰੇ ਦਾ ਮਤਲਬ ਹੈ ਬੇ-ਅੰਮ੍ਰਿਤੀਆ। ਅੰਮ੍ਰਿਤ ਦੀ ਸ਼ਕਤੀ ਬਾਰੇ ਇਹ ਤੇ ਇਸ ਤਰ੍ਹਾਂ ਦੀਆਂ ਅਨੇਕਾਂ ਹੋਰ ਵਾਪਰ ਚੁਕੀਆਂ ਤੇ ਵਾਪਰ ਰਹੀਆਂ ਘਟਨਾਵਾਂ ਨੂੰ ਪੜ੍ਹ ਸੁਣ ਕੇ ਅੰਮ੍ਰਿਤ ਛਕ ਕੇ ਰਹਿਤ ਰਖਣੀ ਸਾਡੇ ਸਭ ਲਈ ਬੜੀ ਜ਼ਰੂਰੀ ਹੈ। ਪੰਜ ਕਕਾਰ ਧਾਰਨ ਕਰਨੇ ਅਤੇ ਚਾਰ ਕੁਰਹਿਤਾਂ ਤੋਂ ਬਚੇ



www.AKJ.Org

ਰਹਿਣਾ ਜਿਥੇ ਬਾਹਰਲੀ ਰਹਿਤ ਰਖਣ ਦੇ ਜ਼ਰੂਰੀ ਅੰਗ ਹਨ ਉਥੇ ਗੁਰਬਾਣੀ ਦਾ ਪਾਠ, ਨਿਤਨੇਮ, ਸਿਮਰਨ, ਸਤਸੰਗਤ ਕਰਨੀ ਆਦਿ ਅੰਦਰਲੀ ਰਹਿਤ ਵੀ ਅਤਿ ਲਾਜ਼ਮੀ ਹੈ। ਇਸ ਤਰ੍ਹਾਂ ਸਾਨੂੰ ਠੀਕ ਅਤੇ ਗ਼ਲਤ ਗੱਲਾਂ ਦੇ ਫ਼ਰਕ ਦਾ ਪਤਾ ਲਗਦਾ ਰਹਿੰਦਾ ਹੈ।

ਜਿਉਂ ਜਿਉਂ ਗੁਰੂ ਸਾਹਿਬਾਂ ਦੇ ਉਪਦੇਸ਼ (ਗੁਰਬਾਣੀ) ਧਿਆਨ ਨਾਲ ਸਮਝ-ਸਮਝ ਕੇ ਪੜ੍ਹਨ ਦਾ ਅਭਿਆਸ ਅਸੀਂ ਬਣਾਵਾਂਗੇ, ਤਿਉਂ ਤਿਉਂ ਸਾਡੀਆਂ ਗ਼ਲਤ ਆਦਤਾਂ, ਜਿਵੇਂ ਛੋਟੀ ਛੋਟੀ ਗੱਲ ਪਿਛੇ ਝੂਠ ਬੋਲ ਲੈਣਾ, ਸੁਆਰਥ ਅਧੀਨ ਆਪਣੇ ਰੁਜ਼ਗਾਰ ਵਿਚ ਹੇਰਾ-ਫੇਰੀ ਜਾਂ ਚਲਾਕੀ ਜਾਂ ਰਿਸ਼ਵਤ ਆਦਿ ਲੈਣ ਦੇ ਔਗੁਣ ਜਾਂ ਕਾਮ-ਕਰੋਧ ਅਤੇ ਹੰਕਾਰ-ਵਸ ਹੋਣ ਵਾਲੀਆਂ ਬੇਅੰਤ ਗੱਲਾਂ ਹਨ, ਇਹ ਸਭ ਹਟ ਜਾਣਗੀਆਂ।

ਇਸੇ ਤਰ੍ਹਾਂ ਰੋਜ਼ ਗੁਰਬਾਣੀ ਦੀ ਸੰਗਤ, ਭਲੇ ਤੇ ਉਪਕਾਰੀ ਪੁਰਸ਼ਾਂ ਦੀ ਸੰਗਤ, ਚੰਗੀਆਂ ਪੁਸਤਕਾਂ ਪੜ੍ਹਨ ਦੀ ਆਦਤ ਜਿਉਂ ਜਿਉਂ ਸਾਡੀ ਵਧੇਗੀ, ਤਿਉਂ ਤਿਉਂ ਸਾਡੇ ਅੰਦਰ ਵੀ ਨੇਕੀ, ਉਪਕਾਰ, ਦੂਜਿਆਂ ਦੇ ਦੁਖ ਵੰਡਾਉਣ, ਨੇਕ ਕਮਾਈ ਕਰਕੇ ਉਸ ਵਿਚੋਂ ਧਰਮ ਦੇ ਲੇਖੇ ਖ਼ਰਚ ਕਰਨਾ ਤੇ ਨਿਮ੍ਰਤਾ ਆਦਿ ਅਨੇਕਾਂ ਗੁਣ ਸਾਡੇ ਅੰਦਰ ਆਉਣਗੇ।

ਇਹ ਸਭ ਕੁਝ ਗੁਰ-ਆਸ਼ੇ ਅਨੁਸਾਰ ਤੁਰਨ ਨਾਲ ਹੀ ਹੋਏਗਾ। ਗੁਰ-ਆਸ਼ਾ ਹੈ, ਗੁਰੂ ਦੀ ਦਸੀ ਹੋਈ ਰਹਿਤ ਵਿਚ ਆਉਣਾ। ਕਿਉਂਕਿ ਸਾਡੇ ਪੁਰਾਤਨ ਅਤੇ ਨਵੀਨ ਸਿੰਘ, ਜਿਨ੍ਹਾਂ ਦੀਆਂ ਸਿਫਤਾਂ ਦੁਸ਼ਮਨ ਅਤੇ ਦੂਜੇ ਧਰਮਾਂ ਵਾਲੇ ਵੀ ਕਰਦੇ ਹਨ, ਉਹ ਤਨੋਂ-ਮਨੋਂ ਗੁਰ-ਆਸ਼ੇ ਅਨੁਸਾਰ ਤੁਰਨ ਵਾਲੇ, ਗੁਰੂ ਦੀ ਦੱਸੀ ਹੋਈ ਅੰਦਰਲੀ ਅਤੇ ਬਾਹਰਲੀ ਦੋਵੇਂ ਤਰ੍ਹਾਂ ਦੀਆਂ ਰਹਿਤਾਂ ਰਖਦੇ ਸਨ ਤੇ ਰਖਦੇ ਹਨ।

---

[੨੧ ਸਫ਼ੇ ਦੀ ਬਾਕੀ]

ਵੈਦਾਂ ਅਤੇ ਹਕੀਮਾਂ ਨੇ ਸਿੱਧ ਕੀਤਾ ਹੈ ਕਿ ਕੇਸ ਕੱਟੇ ਜਾਣਾ ਰੇਸ਼ੇ ਅਤੇ ਜ਼ੁਕਾਮ ਦਾ ਕਾਰਨ ਬਣਦਾ ਹੈ। ਵਾਲਾਂ ਦਾ ਸੁਭਾਂ ਤੇ ਵੀ ਅਸਰ ਪੈਂਦਾ ਹੈ। ਕਈ ਲੋਕ ਇਹ ਸੋਚਦੇ ਹਨ ਕਿ ਕੱਟੇ ਵਾਲਾਂ ਨਾਲ ਚੁਸਤੀ ਆਉਂਦੀ ਹੈ। ਨਹੀਂ, ਸਗੋਂ ਸਿਰ ਅਤੇ ਦਾੜ੍ਹੀ ਦੇ ਵਾਲਾਂ ਸਦਕਾ ਸੂਰਜੀ ਅਤੇ ਚੰਦਰਮਈ ਸ਼ਕਤੀ ਪ੍ਰਾਪਤ ਹੁੰਦੀ ਹੈ, ਜਿਸ ਨਾਲ ਗ਼ਮਗ਼ੀਨੀ, ਭਾਵੁਕਤਾ, ਨਿਮੋਝੂਣਤਾ ਤੇ ਮਾਨਸਿਕਤਾ ਦਾ ਬਿਖੜਾਪਨ ਖ਼ਤਮ ਹੁੰਦਾ ਹੈ। ਦਲੇਰੀ, ਖੁਸ਼ੀ ਤੇ ਚੜ੍ਹਦੀ ਕਲਾ ਦੇ ਗੁਣ ਪੈਦਾ ਹੁੰਦੇ ਹਨ।

ਕੇਸਾਂ ਵਿੱਚ ਅਜਿਹੇ ਤੱਤ ਹਨ ਜੋ ਸਰੀਰ ਨੂੰ ਗਰਮੀ ਅਤੇ ਸਰਦੀ ਤੋਂ ਬਚਾਉਂਦੇ ਹਨ। ਵਾਲਾਂ ਵਾਲੇ ਆਦਮੀ ਕਦੀ ਵੀ ਲੂ ਦੀ ਬਿਮਾਰੀ ਦਾ ਸ਼ਿਕਾਰ ਨਹੀਂ ਹੁੰਦੇ।

ਸਾਡੇ ਸਮਾਜ ਵਿੱਚ ਮੁੱਛ ਦਾੜ੍ਹੀ ਵਾਲੇ ਆਦਮੀ ਦੀ ਕਦਰ ਗਿਣੀ ਜਾਂਦੀ ਸੀ। ਮੁੱਛ-ਦਾੜ੍ਹੀ ਦਾ ਫੁਟਣਾ ਸਿਆਣਪਤਾ ਦਾ ਚਿੰਨ੍ਹ ਗਿਣਿਆ ਜਾਂਦਾ ਹੈ। ਮੁੱਛ ਨੂੰ ਵੱਟ ਦੇ ਕੇ ਰਖਣਾ ਗੌਰਵਤਾ ਦੀ ਨਿਸ਼ਾਨੀ ਸਮਝੀ ਜਾਂਦੀ ਹੈ।

ਸੋ ਅੱਜ ਦੇ ਨੌਜਵਾਨੋ! 'ਕੇਸ' ਗੁਰੂ ਕੀ ਮੁਹਰ ਹਨ। ਦਸਮੇਸ਼ ਪਿਤਾ ਜੀ ਦੇ ਹੁਕਮ ਵਜੋਂ ਸਿੱਖ ਬੰਦ-ਬੰਦ ਕਟਵਾ ਲਵੇ, ਖੋਪਰੀ ਉਤਰਵਾ ਲਵੇ, ਸੀਸ ਕਟਵਾ ਲਏ, ਚਰਖੜੀ ਤੇ ਚੜ੍ਹ ਜਾਏ, ਪਰ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਏ। ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦੇ ਬੇਟੇ ਸ਼ਾਹਬਾਜ਼ ਸਿੰਘ ਚਰਖੜੀ ਤੇ ਚੜ੍ਹ ਗਏ, ਪਰ ਆਦਰਸ਼ ਨੂੰ ਆਂਚ ਨਹੀਂ ਆਉਣ ਦਿੱਤੀ। ਆਓ, ਅਸੀਂ ਵੀ ਗੁਰੂ-ਮਾਰਗ ਤੇ ਚੱਲੀਏ। ਕੇਸ ਰੱਖ ਕੇ ਵਿਗਿਆਨਕ ਫ਼ਾਇਦਾ ਉਠਾਈਏ ਤੇ ਸਿੱਖੀ ਰਹਿਤ ਮਰਯਾਦਾ ਤੇ ਪੂਰੇ ਉਤਰੀਏ। ਝੂਠੇ ਫ਼ੈਸ਼ਨਾਂ ਵਿਚ ਨਾ ਪਈਏ ਅਤੇ ਆਪਣੀ ਸਰਦਾਰੀ ਦੇ ਆਪ ਹੀ ਕਾਤਲ ਨਾ ਬਣੀਏ।

['ਸਾਡਾ ਵਿਰਸਾ ਸਾਡਾ ਗੌਰਵ,' ਫਰਵਰੀ ੯੨



www.AKJ.Org

# ਖਾਲਸਾ ਜੀ, ਜਾਗੋ !

[ਵਲੋਂ—ਸ: ਗੁਰਵਿੰਦਰ ਸਿੰਘ ਜੀ, ਨਾਰਨੌਲ]

ਅਜ ਕਲ੍ਹ ਗੁਰੂ ਸਾਹਿਬਾਨ ਦੀਆਂ ਮਨੋ-ਕਲਪਤ ਤਸਵੀਰਾਂ ਅਗੇ ਅਰਦਾਸ ਕਰਦੇ, ਫੂਲ ਚੜ੍ਹਾਉਂਦੇ, ਮਥਾ ਟੇਕਦੇ ਕਈ ਸਿਖ ਆਮ ਵੇਖਣ ਵਿਚ ਆਉਂਦੇ ਹਨ। ਗੁਰੂ ਸਾਹਿਬਾਨ ਦੀਆਂ ਮਨੋ-ਕਲਪਤ ਤਸਵੀਰਾਂ ਬਣਾਨਾ, ਛਾਪ ਕੇ ਵੇਚਣਾ, ਖਰੀਦਣਾ, ਘਰਾਂ ਜਾਂ ਗੁਰਦਵਾਰੇ ਵਿਚ ਰਖਣਾ ਅਤੇ ਤਸਵੀਰ ਦਾ ਧਿਆਨ ਧਰਨਾ ਬਹੁਤ ਭਾਰੀ ਭੁਲ ਹੈ, ਕੁਫ਼ਰ ਹੈ। ਗੁਰਬਾਣੀ ਅਨੁਸਾਰ ਗੁਰੂ 'ਜੋਤਿ' ਹੈ, ਗੁਰੂ 'ਦੇਹ ਨਹੀਂ', ਦੇਹ ਦੇ ਦਰਸ਼ਨ ਨਾਲ ਕੁਝ ਪ੍ਰਾਪਤ ਨਹੀਂ ਹੋ ਸਕਦਾ।

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੇ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥ ੧॥੨੧॥ (੫੯੪)

ਜੇ ਦੇਹ ਦੇ ਦਰਸ਼ਨ ਨਾਲ ਪ੍ਰਾਪਤੀ ਨਹੀਂ ਹੋ ਸਕਦੀ ਤਾਂ ਮਨੋ-ਕਲਪਤ ਤਸਵੀਰਾਂ ਤੋਂ ਕੀ ਲਾਭ ? ਜੇ ਕੋਈ ਚਿਤਰਕਾਰ ਤੁਹਾਡੇ ਪਿਤਾ ਜੀ ਦੀ ਤਸਵੀਰ ਬਣਾ ਕੇ ਲਿਆਵੇ, ਜਿਸ ਨੇ ਤੁਹਾਡੇ ਪਿਤਾ ਜੀ ਨੂੰ ਵੇਖਿਆ ਹੀ ਨਾ ਹੋਵੇ ਤਾਂ ਕੀ ਉਹ ਤਸਵੀਰ ਤੁਸੀਂ ਆਪਣੇ ਪਿਤਾ ਦੀ ਮੰਨ ਲਵੋਗੇ ?

ਗੁਰੂ ਸਾਹਿਬਾਨ ਨੇ ਜਿਸ ਬੁੱਤ-ਪ੍ਰਸਤੀ ਦੇ ਟੋਏ ਵਿਚੋਂ ਸਿਖਾਂ ਨੂੰ ਕਢਿਆ ਸੀ, ਉਸੇ ਵਿਚ ਇਨ੍ਹਾਂ ਤਸਵੀਰਾਂ ਦਵਾਰਾ ਧਕੇਲਿਆ ਜਾ ਰਿਹਾ ਹੈ। ਜੇ ਗੁਰੂ ਸਹਿਬਾਨ ਦੀ ਕੇਵਲ ਦੇਹ ਦੇ ਦਰਸ਼ਨ ਨਾਲ ਕੁਝ ਪ੍ਰਾਪਤ ਹੋ ਸਕਦਾ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਪੁਤਰ ਆਕੀ ਨਾ ਹੁੰਦੇ, ਪਿਤਾ ਚਪੇੜਾਂ ਨਾ ਮਾਰਦਾ, ਗੁਰੂ ਅਰਜਨ ਸਾਹਿਬ ਜੀ ਨੂੰ ਤਤੀਆਂ ਤਵੀਆਂ ਤੇ ਨਾ ਬਿਠਾਂਦੇ, ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਨਾ ਕਰਦੇ।

ਜੇ ਕੇਵਲ ਸਾਖਿਆਤ ਦਰਸ਼ਨ ਨਾਲ ਕੁਝ ਪ੍ਰਾਪਤ ਨਹੀਂ ਹੋ ਸਕਦਾ ਤਾਂ ਇਨ੍ਹਾਂ ਮਨੋ-ਕਲਪਤ ਤਸਵੀਰਾਂ ਨਾਲ ਕੀ ਪ੍ਰਾਪਤ ਹੋਣਾ ਹੈ ? ਜੇ ਅਸਲੀ ਤਸਵੀਰ ਵੀ ਹੋਵੇ ਤਾਂ ਤਸਵੀਰ ਦਾ ਧਿਆਨ ਧਰਨਾ ਤੇ ਇਹ ਜਾਣ ਲੈਣਾ ਕਿ ਗੁਰੂ ਸਾਹਿਬ ਦੇ ਦਰਸ਼ਨ ਹੋ ਗਏ ਹਨ, ਬਿਲਕੁਲ ਗਲਤ ਹੈ। ਸਾਨੂੰ ਗੁਰਬਾਣੀ ਤੇ ਵਿਸ਼ਵਾਸ ਹੋਣਾ ਚਾਹੀਦਾ ਹੈ ਤੇ ਇਕ ਅਕਾਲ ਪੁਰਖ ਅਗੇ ਅਰਦਾਸ ਕਰਨੀ ਚਾਹੀਦੀ ਹੈ। ਗੁਰੂ ਸਾਹਿਬਾਨ ਦੇ ਨਾਂ ਤੇ ਦੁਕਾਨਾਂ ਦੇ ਨਾਂ ਰਖਣਾ ਗੁਰੂ ਸਾਹਿਬ ਦੀ ਬਹੁਤ ਭਾਰੀ ਹਤਕ ਹੈ।

ਸਾਡੀਆਂ ਮੁਖੀ ਸੰਸਥਾਵਾਂ ਤੇ ਪੰਥ ਦੀਆਂ ਜ਼ਿਮੇਵਾਰ ਵਿਅਕਤੀਆਂ ਨੂੰ ਚਾਹੀਦਾ ਹੈ ਕਿ ਇਸ ਪਾਸੇ ਫੌਰਨ ਧਿਆਨ ਦੇਣ ਅਤੇ ਗੁਰੂ ਸਾਹਿਬਾਨ ਦੀਆਂ ਮਨੋ-ਕਲਪਤ ਤਸਵੀਰਾਂ ਬਣਾਉਣ ਅਤੇ ਗੁਰੂ ਸਾਹਿਬਾਨ ਦੇ ਨਾਂ ਤੇ ਦੁਕਾਨਾਂ ਦੇ ਨਾਂ ਰਖਣ ਤੇ ਫੌਰਨ ਪਾਬੰਦੀ ਲਾਈ ਜਾਵੇ।

---

# ਬਾਬਾ ਦੀਪ ਸਿੰਘ ਜੀ ਸ਼ਹੀਦ ਦਾ ਅੰਮ੍ਰਿਤ ਪਾਨ ਕਰਨਾ

ਫ਼ਰਵਰੀ ਦੇ 'ਸੂਰਾ' ਪੱਤਰ ਵਿਚ ਦੋ ਲੇਖ ਬਾਬਾ ਦੀਪ ਸਿੰਘ ਜੀ ਸ਼ਹੀਦ ਬਾਰੇ ਦਿਤੇ ਗਏ ਸਨ, ਅਤੇ ਉਨ੍ਹਾਂ ਦੇ ਲੇਖਕਾਂ ਨੇ ਲਿਖਿਆ ਹੈ ਕਿ ਬਾਬਾ ਜੀ ਨੇ ਗੁਰੂ ਕਲਗੀਧਰ ਜੀ ਦੇ ਕਰ-ਕਮਲਾਂ ਤੋਂ ਖੰਡੇ ਦਾ ਅੰਮ੍ਰਿਤ ਪਾਨ ਕੀਤਾ।

ਸਾਡੇ ਪਾਠਕ ਪੁਛਦੇ ਹਨ ਕਿ ਦਸਮੇਸ਼ ਪਿਤਾ ਜੀ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤਿ ਬਖ਼ਸ਼ੀ ਅਤੇ ਫਿਰ ਉਨ੍ਹਾਂ ਤੋਂ ਆਪ ਅੰਮ੍ਰਿਤ ਪਾਨ ਕੀਤਾ। ਕੀ ਇਸ ਤੋਂ ਪਿਛੋਂ ਉਹ ਨਿਜੀ ਤੌਰ ਤੇ ਸਿੱਖਾਂ ਨੂੰ ਅੰਮ੍ਰਿਤ ਪਾਨ ਕਰਾਉਂਦੇ ਰਹੇ ? ਇਸ ਸੰਬੰਧ ਵਿਚ ਬੇਨਤੀ ਹੈ ਕਿ ਲੇਖਕਾਂ ਦਾ ਭਾਵ ਕੇਵਲ ਇਹ ਹੈ ਕਿ ਸਾਹਿਬ ਕਲਗੀਧਰ ਪਾਤਸ਼ਾਹ ਦੀ ਹਜ਼ੂਰੀ ਵਿਚ ਬਾਬਾ ਜੀ ਨੂੰ ਅੰਮ੍ਰਿਤ ਦੀ ਦਾਤਿ ਪ੍ਰਾਪਤ ਹੋਈ।



www.AKJ.Org

# ਸਤਿਗੁਰੂ ਦਸਮੇਸ਼ ਜੀ ਨੂੰ ਸੁਨੇਹਾ

[ਵਲੋਂ—ਗਿ: ਬਲਬੀਰ ਸਿੰਘ ਜੀ ਪ੍ਰੇਮ, ਸੰਗਤਪੁਰੀ]

ਤੂੰ ਕਿਹਾ ਸੀ, ਖਾਲਸਾ ਇਹ ਰੂਪ ਮੇਰਾ ਖ਼ਾਸ ਐ।
ਤੂੰ ਕਿਹਾ ਸੀ, ਖਾਲਸੇ ਦੇ ਵਿੱਚ ਮੇਰਾ ਵਾਸ ਐ ॥੧॥
ਤੂੰ ਜ਼ਿੰਦਗੀ ਦਾ ਹਰ ਘੜੀ ਪਲ ਖਾਲਸੇ ਲਈ ਵਾਰਿਆ,
ਖਾਲਸਾ ਹੀ, ਸਾਰੀ ਤੇਰੀ ਜ਼ਿੰਦਗੀ ਦੀ ਰਾਸ ਐ ॥੨॥
ਸਰਸਾ ਦੇ ਕੰਢੇ ਦਸ ਰਹੇ, ਜੁ ਨਾਲ ਤੇਰੇ ਬੀਤਿਆ,
ਜੁ ਨਾਲ ਤੇਰੇ ਬੀਤਿਆ, ਉਹ ਦਸਦਾ ਆਕਾਸ਼ ਐ ॥੩॥
ਦੁਖੀ ਤੇ ਮਜ਼ਲੂਮ ਦੀ, ਤੂੰ ਪੀੜ ਜਰ ਸਕਿਆ ਨਹੀਂ,
ਦੁਖੀ ਤੇ ਮਜ਼ਲੂਮ ਦੇ ਲਈ, ਰੋਲ ਤੇਰਾ ਖਾਸ ਐ ॥੪॥
ਅਜੀਤ ਤੇ ਜੁਝਾਰ ਦੀ, ਤੂੰ ਲੋਥ ਉਤੋਂ ਲੰਘ ਕੇ ਵੀ,
ਸੁਖੀ ਵਸੇ ਪ੍ਰੀਵਾਰ ਮੇਰਾ ਪੜ੍ਹ ਰਿਹਾਂ ਰਹਿਰਾਸ ਐ ॥੫॥
ਪਤਾ ਨਹੀਂ ਪ੍ਰੀਵਾਰ ਕਿਹੜੇ ਦੀ ਤੂੰ ਸੁਖ ਸੀ ਮੰਗ ਰਿਹੋਂ,
ਸ਼ਾਇਦ ਇਸੇ ਖਾਲਸੇ ਦੀ, ਜਿਸ 'ਚ ਤੇਰਾ ਵਾਸ ਐ ॥੬॥
ਮੌਤ ਅਰ ਜ਼ਿੰਦਗੀ ਨੇ ਦਾਤਾ ਸਬਕ ਤੇਥੋਂ ਸਿਖਿਆ,
ਹਰ ਸਮੇਂ ਹਰ ਪ੍ਰੀਖਿਆ ਚੋਂ ਹਰ ਸਮੇਂ ਈ ਪਾਸ ਐ ॥੭॥
ਦਾਤੇ ਦਾਨੀ, ਸੂਰਮੇ, ਭਗਤਾਂ ਦੇ ਗੁਣ ਸੀ ਤੇਰੇ ਵਿੱਚ,
ਗੋਬਿੰਦ ਸਿੰਘ ਹੈ ਨਾਮ ਤੇ ਗੋਬਿੰਦ ਦਾ ਤੂੰ ਦਾਸ ਐ ॥੮॥
ਖਾਲਸਾ ਖਾਲਸ ਨਹੀਂ, ਹੁਣ ਮਿਲ ਗਈਆਂ ਮਿਲਾਵਟਾਂ,
ਤੇਰੇ ਜਿਹੇ ਕਿਰਦਾਰ ਦੀ ਨਹੀਂ ਇਹਦੇ ਕੋਲੋਂ ਆਸ ਐ ॥੯॥
ਨਾਮ ਤੇ ਇਸ਼ਨਾਨ ਪੰਜੇ ਬਾਣੀਆਂ ਨੂੰ ਭੁਲ ਗਿਆ,
ਕਛ, ਕੜਾ, ਕਿਰਪਾਨ ਕੇਵਲ ਨਾਮ ਦੇ ਈ ਪਾਸ ਐ ॥੧੦॥
ਕਾਮ ਕ੍ਰੋਧ ਲੋਭ ਮੋਹ ਹੰਕਾਰ ਇਹਨੂੰ ਘੇਰਿਆ,
ਝੂਠ ਨਹੀਂ ਮੈਂ ਸੱਚ ਕਹਾਂ, ਬਹੁਤਾ ਈ ਸਤਿਆਨਾਸ ਐ ॥੧੧॥
ਕੁਰਸੀਆਂ, ਕਾਰਾਂ ਲਈ ਕਿਰਦਾਰ ਇਹਦਾ ਕਿਰ ਗਿਆ,
ਕੋਠੀਆਂ ਕਾਰਾਂ ਲਈ ਹੀ ਹਰ ਸਮੇ ਇਜਲਾਸ ਐ ॥੧੨॥
ਅੰਦਰੋਂ ਤਾਂ ਇਹ ਕੁੱਝ ਵੀ ਨਹੀਂ, ਬਾਹਰੋਂ ਸਦਾਵੇ ਖਾਲਸਾ,
ਕੂੜ ਕਪਟ ਦੀ ਜ਼ਿੰਦਗੀ, ਨਾਮੋਂ ਸਖਣੀ ਨਿਰੀ ਲਾਸ਼ ਐ ॥੧੩॥
'ਗੁਰਮੁਖ' ਸਿੰਘ ਨਾਮ ਦਾ, ਪਰ ਮੁਖ ਗੁਰੂ ਦੇ ਵਲ ਨਹੀਂ,
ਨਾਮ ਦਾਨ ਇਸ਼ਨਾਨ ਕੋਈ ਨਹੀਂ, ਗਲੀਂ ਗੁਰੂ ਦਾ ਦਾਸ ਐ ॥੧੪॥
ਹੇਮਕੁੰਟ ਦੇ ਜੋਗੀਆ, ਪਟਨੇ 'ਚ ਆਉਣੇ ਵਾਲਿਆ,
ਖਾਲਸੇ ਦੀ ਸਾਰ ਲੈ, ਮੁੜ 'ਪ੍ਰੇਮ' ਦੀ ਅਰਦਾਸ ਐ ॥੧੫॥



www.AKJ.Org

## ਭੁਲ ਗਏ ਹਾਂ

[ਸ: ਸਿਮਰਜੀਤ ਸਿੰਘ ਜੀ, ਹੁਸ਼ਿਆਰਪੁਰੀ]

ਗੱਲ ਕੀ ਦਸੀਏ, ਗੱਲ ਕੀ ਕਰੀਏ
ਨਿੱਕੀ ਨਿੱਕੀ ਗੱਲ ਉਤੇ ਹੀ,
ਧਰਮ ਆਪਣਾ ਵੇਚ ਰਹੇ ਹਾਂ।
ਨਾਸਤਕਾਂ ਦੀ ਟੋਲੀ ਵਿਚ ਭੀ
ਆਸਤਕਾਂ ਨੂੰ ਤੱਕ ਰਹੇ ਹਾਂ।
ਭੁਲ ਗਏ ਹਾਂ, ਭੁਲ ਗਏ ਹਾਂ,
ਸੱਭੇ ਰਲ ਮਿਲ ਭੁਲ ਗਏ ਹਾਂ।
ਵਿਚ ਮਾਇਆ ਸਭ ਖੁਭ ਗਏ ਹਾਂ,
ਸਿੱਖੀ ਪਿਆਰੀ ਭੁਲ ਗਏ ਹਾਂ।

ਭੁਲ ਗਏ ਹਾਂ ਛੋਟੀਆਂ ਜਿੰਦਾਂ,
ਨੀਂਹਾਂ 'ਚ ਸੀ ਕਿਵੇਂ ਖੜੀਆਂ,
ਬੰਦ ਬੰਦ ਕਟਵਾਉਣ ਵਾਲੇ ਨੂੰ,
ਆਰੇ ਨਾਲ ਚਿਰਾਉਣ ਵਾਲੇ ਨੂੰ,
ਤੱਤੀਆਂ ਤੇ ਬੈਠਣ ਵਾਲੇ ਨੂੰ.
ਆਲੂ ਵਾਂਗ ਉਬਲਣ ਵਾਲੇ ਨੂੰ,
ਜੀਉਂਦੇ ਰੂੰ 'ਚ ਸੜਨ ਵਾਲੇ ਨੂੰ,
ਚਰਖੜੀ ਉਤੇ ਚੜ੍ਹਨ ਵਾਲੇ ਨੂੰ,
ਭੁੱਖੇ ਭਾਣੇ ਲੜਨ ਵਾਲੇ ਨੂੰ,
ਖੋਪਰੀ ਆਪਣੀ ਲੁਹਾਉਣ ਵਾਲੇ ਨੂੰ,
ਭੁਲ ਗਏ ਹਾਂ, ਭੁਲ ਗਏ ਹਾਂ,
ਸਭੇ ਰਲ ਮਿਲ ਭੁਲ ਗਏ ਹਾਂ।

ਭੁਲ ਗਏ ਹਾਂ ਉਨ੍ਹਾਂ ਮਾਵਾਂ ਨੂੰ,
ਭੁੱਖੇ ਰਹਿ ਰਹਿ ਪੀਸੀਆਂ ਚੱਕੀਆਂ,
ਟੋਟੇ ਹੋਏ ਲਾਲਾਂ ਦੇ ਨਾਲ,
ਉਨ੍ਹਾਂ ਨੇ ਸੀ ਭਰੀਆਂ ਝੋਲੀਆਂ।
ਭੁਲ ਗਏ ਹਾਂ ਬੰਦਾ ਸਿੰਘ ਨੂੰ,
ਦਿਲ ਬੱਚੇ ਦਾ ਮੂੰਹ 'ਚ ਪਾਇਆ।
ਗਰਮ ਸਲਾਖਾਂ ਤੇਜ਼ ਤਲਵਾਰਾਂ;
ਨਾਲ ਉਸ ਨੂੰ ਫਿਰ ਤੜਫਾਇਆ।
ਭੁਲ ਗਏ ਹਾਂ, ਭੁਲ ਗਏ ਹਾਂ,
ਸਭੇ ਰਲ ਕੇ ਭੁਲ ਗਏ ਹਾਂ।

## ਵੀਚਾਰ

[ਡਾ: ਹਰਦਿਆਲ ਸਿੰਘ ਜੀ, ਲੁਧਿਆਣਾ]

ਅਟੱਲ ਹੁਕਮ ਸਰਕਾਰਾਂ ਦਾ।
ਭੇਟਣ ਗੁਰ ਕਰਤਾਰਾਂ ਦਾ।
ਮੰਨਣਾ ਗੁਰ ਬਚਨਾਰਾਂ ਦਾ।
ਤੇ ਨਿਭਣਾ ਕਉਲ ਕਰਾਰਾਂ ਦਾ।
ਰਣ ਜਿੱਤਣਾ ਸਿਰਦਾਰਾਂ ਦਾ।
ਛੱਡ ਭੱਜਣਾ ਗੱਦਾਰਾਂ ਦਾ।
ਮਿਲ ਤੁਰਨਾ ਸਿਪਾਹ-ਸਲਾਰਾਂ ਦਾ।
ਪਿੱਛ ਲੱਗਣਾ ਭੇਡਾਰਾਂ ਦਾ।
ਵਿਗੱਸਣਾ ਕਉਲਰਾਂ ਦਾ।
ਮਸਤਕ ਗੁਰ ਚਰਨਾਰਾਂ ਦਾ।
ਮਿਲ ਬਹਿਣਾ ਸੰਗਤਾਰਾਂ ਦਾ।
ਤੇ ਸ਼ਬਦ ਸੁਰਤ ਵੀਚਾਰਾਂ ਦਾ।
ਮਾਰਨ ਪੰਚ ਦੂਤਾਰਾਂ ਦਾ।
ਧਾਰਨ ਗੁਰ-ਮੱਤਾਰਾਂ ਦਾ।
ਰਿਦੈ ਨਾਮ ਉਰਿ-ਹਾਰਾਂ ਦਾ।
ਨਹੀਂ ਡਰ ਫਿਰ ਜਮ ਦੀਆਂ ਮਾਰਾਂ ਦਾ।
ਵਾਰਨ ਜਨ ਬਲਿਹਾਰਾਂ ਦਾ।
ਧੂਰ ਸੰਤ ਰੇਣਾਰਾਂ ਦਾ।
ਧਿਆਨ ਧਰਉ ਚਰਨਾਰਾਂ ਦਾ।
ਮੇਲਾ ਦਸਮ ਦੁਆਰਾਂ ਦਾ।
ਜਨਮ ਸਫਲ ਦੀਦਾਰਾਂ ਦਾ।

---

ਭੁੱਲ ਗਏ ਹਾਂ ਉਹ ਸ਼ਹੀਦੀ,
ਸੀਸ ਹੱਥ ਦੇ ਉੱਤੇ ਰੱਖ ਕੇ,
ਜ਼ੁਲਮ ਵਿਰੁੱਧ ਖੰਡਾ ਖੜਕਾਇਆ।
ਕਾਹਤੋਂ ? ਕਿਸ ਲਈ ?
ਕਿਉਂ ? ਇਹ ਸਾਰਾ
ਵਾਂਗ ਨਦੀਆਂ ਖ਼ੂਨ ਵਹਾਇਆ ?
ਭੁਲ ਗਏ ਹਾਂ, ਭੁਲ ਗਏ ਹਾਂ
ਭੁਲ ਗਏ ਹਾਂ ਉਸ ਗੁਰੂ ਨੂੰ,
ਭੁਲ ਗਏ ਹਾਂ ਉਹਦੀ ਸਿਖੀ,
ਜਿਸ ਖਾਲਸੇ ਨੂੰ ਸਜਾਇਆ।
ਭੁਲ ਗਏ ਹਾਂ, ਜੇ ਉਹ ਨਾ ਹੁੰਦਾ,
ਹੁੰਦੇ ਨਾ ਫਿਰ ਅਸੀਂ ਸਾਰੇ।

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ

[ਆਖ਼ਰੀ ਕਿਸ਼ਤ ਨੰ: 37, ਲੜੀ ਜੋੜਨ ਲਈ ਵੇਖੋ 'ਸੂਰਾ' ਜਨਵਰੀ ੧੯੮੨)

[ਵਲੋਂ—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

## ਦਿਲੀ ਜਾਣ ਦੀ ਬਜਾਏ ਸ਼ਾਹ ਦੀ ਇਸਮਾਈਲਾਬਾਦ ਤੋਂ ਵਾਪਸੀ—

ਹਿੰਦੁਸਤਾਨੀ ਰਾਜਿਆਂ ਅਤੇ ਨਵਾਬਾਂ ਦੀ ਇਹ ਦਿਲੀ ਖ਼ਾਹਿਸ਼ ਸੀ ਕਿ ਅਹਿਮਦਸ਼ਾਹ ਦੀ ਸਰਦਾਰੀ ਤਾਂ ਬੇਸ਼ਕ ਬਣੀ ਰਹੇ, ਪਰ ਉਹ ਆਪ ਆਪਣਾ ਲਾਉ-ਲਸ਼ਕਰ ਲੈ ਕੇ ਪੰਜਾਬੋਂ ਅੱਗੇ ਕਦੀ ਵੀ ਨਾ ਆਵੇ। ਦਿਲੀ ਵੱਲ ਤਾਂ ਕਿਸੇ ਵੀ ਹਾਲਤ ਵਿਚ ਫੇਰਾ ਨਾ ਮਾਰੇ। ਇਸ ਹਦਾਇਤ ਦੇ ਤਹਿਤ ਇਨ੍ਹਾਂ ਦੇ ਵਕੀਲਾਂ ਨੇ, ਜੋ ਪਾਤਸ਼ਾਹ ਦੇ ਕੈਂਪੂ ਵਿਚ ਇਸਮਾਈਲਾਬਾਦ ਪੁਜੇ ਹੋਏ ਸਨ, ਨਜੀਬੁਦੌਲਾ ਦੇ ਪਹੁੰਚਣ ਪਿਛੋਂ, ਸ਼ਾਹ ਨੂੰ ਇਸ ਸੰਬੰਧ ਵਿਚ ਬੇਨਤੀ ਵੀ ਕੀਤੀ। "ਕਿਹਾ ਜਾਂਦਾ ਹੈ ਕਿ ਬਹੁਤ ਸਾਰਿਆਂ ਵਕੀਲਾਂ ਨੇ ਮਿਲ ਕੇ ਪਾਤਸ਼ਾਹ ਦੇ ਹਜ਼ੂਰ ਪੇਸ਼ ਹੋ ਕੇ ਇਹ ਮਸ਼ਵਰਾ ਦੇਂਦਿਆਂ ਹੋਇਆਂ ਅਰਜ਼ ਗੁਜ਼ਾਰੀ ਕਿ ਹਜ਼ੂਰ ਆਪਣੀ ਸਰਦਾਰੀ ਤੇ ਰੁਅਬ-ਦਾਬ ਨੂੰ ਇੰਜ ਹੀ ਕਾਇਮ ਰਖਣ (ਭਾਵ, ਆਪਣੀ ਫੌਜ਼ ਲੈ ਕੇ ਏਥੋਂ ਹੀ ਵਾਪਸ ਮੁੜ ਜਾਵੇ), ਇਹ ਬੜਾ ਲਾਹੇਵੰਦਾ ਹੋਵੇਗਾ।" ਪਾਤਸ਼ਾਹ ਤਾਂ ਇਹ ਸੁਣ ਕੇ ਲੋਹੇ-ਲਾਖਾ ਹੋ ਗਿਆ ਤੇ ਐਲਾਨ ਕੀਤਾ ਕਿ "ਉਹ ਹੁਣੇ ਈ ਦਿਲੀ ਨੂੰ ਕੂਚ ਕਰੇਗਾ। ਬੜੀ ਅਚੰਭੇ ਦੀ ਗੱਲ ਹੈ ਕਿ ਸਿਖਾਂ ਨੂੰ ਕੁਚਲਣ ਖ਼ਾਤਰ ਇਹ ਮੁਹਿੰਮ ਲੈ ਕੇ ਮੈਂ ਜਦ ਦਾ ਹਿੰਦੁਸਤਾਨ ਦੀ ਧਰਤੀ ਉਤੇ ਪੈਰ ਧਰਿਆ ਹੈ, ਕਿਸੇ ਵੀ ਰਾਜੇ ਜਾਂ ਨਵਾਬ ਨੇ ਨਿਜੀ ਤੌਰ ਤੇ ਹਾਜ਼ਰ ਹੋ ਕੇ ਮੈਨੂੰ ਨਜ਼ਰਾਨਾ ਪੇਸ਼ ਨਹੀਂ ਕੀਤਾ।" ਨਜੀਬੁੱਦੌਲਾ ਨੇ ਇਹ ਕੁਝ ਸੁਣਿਆ ਤਾਂ ਯਾਕੂਬਅਲੀ ਖਾਨ ਤੇ ਰਾਉ ਮੇਘ ਰਾਜ ਨਾਲ ਮੁਲਾਕਾਤ ਕੀਤੀ ਤੇ ਇਹ ਵਿਚਾਰਾਂ ਛੇ ਘੰਟਿਆਂ ਤਕ ਜਾਰੀ ਰਹੀਆਂ। ਇਸ ਤੋਂ ਪਿਛੋਂ ਨਜੀਬੁੱ-ਦੌਲਾ ਸ਼ਾਹ ਦੇ ਸਾਮ੍ਹਣੇ ਹਾਜ਼ਰ ਹੋਇਆ ਤੇ ਅਰਜ਼ ਕੀਤੀ, "ਹਜ਼ੂਰ ਨੇ ਜੇ ਦਿਲੀ ਵੱਲ ਕੂਚ ਕਰਨ ਦਾ ਪੱਕਾ ਫ਼ੈਸਲਾ ਕਰ ਲਿਆ ਹੈ ਤਾਂ ਚਲੋ, ਸੋਹਣੀ ਗੱਲ ਹੈ, ਪਰ ਇਸ ਸੰਬੰਧ ਵਿਚ ਅਸਲੋਂ ਸ਼ੱਕ ਨਹੀਂ ਰਹਿਣਾ ਚਾਹੀਦਾ ਕਿ ਜਿਧਰ ਦੀ ਵੀ ਤੁਸੀਂ ਲੰਘੇ, ਵਸੋਂ ਵਿਚ ਭਗਦੜ ਮੱਚ ਜਾਵੇਗੀ, ਲੋਕ ਤਿਤਰ-ਬਿਤਰ ਹੋ ਜਾਣਗੇ, ਸਾਰਾ ਇਲਾਕਾ ਤਬਾਹ ਤੇ ਵਿਰਾਨ ਹੋ ਜਾਵੇਗਾ, ਜਦੋਂ ਕਿ ਬਹੁਤ ਸਾਰਾ ਹਿਸਾ ਪਹਿਲਾਂ ਹੀ ਵਿਰਾਨ ਹੋ ਚੁਕਿਆ ਹੈ। ਮੈਨੂੰ ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਣ ਦਾ ਮਾਣ ਪ੍ਰਾਪਤ ਹੋਇਆ ਹੈ। ਮੇਰੀ ਸਭ ਤੋਂ ਵੱਡੀ ਦਿਲੀ ਤਮੰਨਾ ਹਜ਼ੂਰ ਨਾਲ ਮੁਲਾਕਾਤ ਦੀ ਵੀ ਪੂਰੀ ਹੋ ਚੁਕੀ ਹੈ। ਹੁਣ ਜੇ ਤੁਸਾਂ ਵਾਕਿਆ ਹੀ ਅਗੇ ਨੂੰ (ਦਿਲੀ ਵੱਲ ਨੂੰ) ਜਾਣਾ ਹੈ ਤਾਂ ਮੇਰੀ ਇਹ ਅਰਜ਼ਈ ਹੈ ਕਿ ਸਭ ਤੋਂ ਪਹਿਲਾਂ ਮੇਰੀ ਕੁਰਬਾਨੀ ਦੇ ਦਿਤੀ ਜਾਵੇ, ਉਸ ਤੋਂ ਪਿਛੋਂ ਜੋ ਮਨ ਭਾਵੇ ਸੋ ਕਰ ਲੈਣਾ।"*

ਨਜੀਬੁੱਦੌਲਾ ਦੀ ਗੁਝੀ ਵਿਰੋਧਤਾ ਦਾ ਇਸ਼ਾਰਾ ਆਪਣਾ ਕੰਮ ਕਰ ਗਿਆ। ਅਬਦਾਲੀ ਵੀ ਪੂਰਾ ਘਾਗ ਸੀ, ਤੜੱਕ ਸਮਝ ਗਿਆ ਕਿ ਜੇ ਅੱਗੇ ਵਧਦਾ ਹੈ ਤਾਂ ਹਿੰਦੁਸਤਾਨੀ ਰਾਜੇ ਨਵਾਬ ਤੇ ਜ਼ਿਮੀਦਾਰ ਸਹਾਇਤਾ ਦੀ ਥਾਂ ਵਿਰੋਧ ਕਰਨਗੇ। ਤੇ ਪਿਛਲੇ ਪਾਸੇ ਦੁਰਾਨੀਆਂ ਦੇ ਖ਼ੂਨ ਦਾ ਤਿਹਾਇਆ ਕਟੜ ਵੈਰੀ, ਹੱਠੀ ਤੇ ਸ਼ਸਤਰਧਾਰੀ ਖਾਲਸਾ ਜੀ ਸਨ, ਜਿਨ੍ਹਾਂ ਉਸ ਨਾਲ ਨਿਤ ਦਾ ਰੇੜਕਾ ਮੁਕਾਉਣ ਲਈ ਸਿਰ ਤਲੀ ਤੇ ਧਰੇ ਹੋਏ ਹਨ। ਉਸ ਦੇ ਪੰਜਾਬ ਵਿਚ ਹੁੰਦਿਆਂ ਹੀ ਉਸ ਦਾ ਸਰਕਾਰੀ ਬੰਦੋਬਸਤ ਤਹਿਸ ਨਹਿਸ ਕਰ ਛਡਿਆ ਹੈ ਤੇ ਜੋ ਤੇਗਾਂ ਸੂਤੀ ਤੇ ਨੇਜ਼ੇ ਤਾਣੀ ਉਸ ਦੇ ਮੁੜਦੇ ਦੀ ਉਡੀਕ ਵਿਚ ਹਨ, ਉਸਨੂੰ ਕਿਵੇਂ ਸੁੱਕਾ ਤੇ ਬਚ ਕੇ ਲੰਘਣ ਦੇਣਗੇ। ਐਸੀ ਹਾਲਤ ਵਿੱਚ ਅੱਗੇ ਦਿਲੀ ਵੱਲ ਜਾਣਾ ਬਹੁਤ ਮਹਿੰਗਾ ਪਵੇਗਾ।† ਕਿਉਂ ਨਾ ਵਾਪਸ ਮੁੜਿਆ ਜਾਵੇ ਤੇ ਸਿਖਾਂ

*ਕੈਲੰਡਰ ਆਫ਼ ਪਰਸ਼ੀਅਨ ਕਾਰਸਪੋਂਡੈਂਸ, II, ਸਫ਼ਾ 294

†ਕੈਲੰਡਰ ਆਫ਼ ਪਰਸ਼ੀਅਨ ਕਾਰਸਪੋਂਡੈਂਸ, II, ਸਫ਼ਾ 310; ਦੇਹਲੀ ਕਰਾਨੀਕਲ ਸਫ਼ਾ 211)



www.AKJ.Org

ਨਾਲ ਟੱਕਰ ਲਈ ਜਾਵੇ। ਇਸ ਇਰਾਦੇ ਨਾਲ ਸ਼ਾਹ 17 ਮਾਰਚ ਨੂੰ ਇਸਮਾਈਲਾਬਾਦੋਂ ਵਾਪਸ ਮੁੜ ਪਿਆ ਤੇ 18 ਮਾਰਚ ਨੂੰ ਅੰਬਾਲੇ ਆਣ ਮਕਾਮ ਕੀਤਾ। ਏਥੇ ਆਪਣੇ ਕੰਪੂ ਵਿਚ ਰਾਜਾ ਅਮਰ ਸਿੰਘ ਪਟਿਆਲੇ ਵਾਲੇ ਨੂੰ ਆਪਣੇ ਹਾਜ਼ਰ ਕਰ ਕੇ ਉਸ ਤੋਂ ਸਰਹਿੰਦ ਦੀ ਬਾਜਗਜ਼ਾਰੀ ਦਾ 9 ਲੱਖ ਰੁਪਇਆ ਮੰਗਿਆ, ਜੋ ਉਸਦੇ ਜ਼ਿੰਮੇ ਅਜੇ ਤਕ ਖੜਾ ਸੀ।‡

## ਅਮਰ ਸਿੰਘ ਦਾ ਨਜੀਬੁੱਦੌਲਾ ਦੇ ਪੰਜੇ ਚੋਂ ਛੁਟਕਾਰਾ ਤੇ ਖਿਤਾਬ ਮਿਲਣਾ—

ਅਹਿਮਦਸ਼ਾਹ ਅੰਬਾਲੇ ਤੋਂ ਕੂਚ ਕਰ ਕੇ ਸਰਹਿੰਦਰ ਆ ਗਿਆ। ਉਹ ਨਜੀਬੁੱਦੌਲਾ ਦੀ ਸਹਾਇਤਾ ਤੇ ਸੱਚੇ ਦਿਲੋਂ ਵਫ਼ਾਦਾਰੀ ਉਤੇ ਬੜਾ ਹੀ ਖੁਸ਼ ਸੀ। ਰਸਤੇ ਵਿਚ ਉਸ ਦਾ ਬੜਾ ਮਾਣ ਕੀਤਾ ਤੇ ਕਈ ਬਖਸ਼ਿਸ਼ਾਂ ਉਸ ਉਤੇ ਕੀਤੀਆਂ। ਉਸ ਨੂੰ ਇਕ ਤੁਰਕੀ ਘੋੜਾ ਦਿਤਾ। ਨਾਲੇ ਉਸ ਦੀਆਂ ਸੇਵਾਵਾਂ ਤੇ ਵਫ਼ਾਦਾਰੀ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਤੇ ਵੱਡਾ ਸਹਾਇਕ ਹੋਣ ਦੇ ਨਾਤੇ ਉਸ ਨੂੰ ਹਿੰਦੁਸਤਾਨ ਵਿਚ ਸਭ ਤੋਂ ਵੱਡਾ ਤੇ ਆਲ੍ਹਾ ਅਫ਼ਸਰ ਥਾਪ ਦਿਤਾ। ਨਜੀਬ ਦੇ ਪੁੱਤਰ ਜ਼ਾਬਤਾ ਖਾਨ ਨੂੰ ਸ਼ਾਹ ਵਲੀ ਖਾਨ ਦਾ ਸਹਾਇਕ ਬਣਾਇਆ ਗਿਆ। ਨਜੀਬ ਨੇ ਸ਼ਾਹ ਨੂੰ ਆਪਣੇ ਉਤੇ ਏਨਾ ਮਿਹਰਬਾਨ ਵੇਖ ਕੇ ਅਰਜ਼ ਕੀਤੀ ਕਿ ਸਰਹਿੰਦ ਦਾ ਇਲਾਕਾ ਪਾਤਸ਼ਾਹ ਅਮਰ ਸਿੰਘ ਤੋਂ ਲੈ ਕੇ ਜ਼ਾਬਤਾ ਖਾਨ ਨੂੰ ਦੇ ਦੇਵੇ। ਉਹ ਖਾਮੋਸ਼ੀ ਨਾਲ ਟਾਲ ਗਿਆ।[] ਨਜੀਬੁਦੌਲਾ ਨੇ ਸਰਹਿੰਦ ਦੇ ਸਬੰਧੀਂ ਤੋ ਕੀਤੀ ਰਕਮ ਵਿਚੋਂ ਦੋ ਲਖ ਰੁਪਏ ਉਸ ਨੂੰ ਦੇ ਦਿਤੇ। ਸ਼ਾਹ ਨੇ ਖੁਸ਼ ਹੋ ਕੇ ਸਰਹਿੰਦ ਦੀ ਗਵਰਨਰੀ ਜ਼ਾਬਤਾ ਖਾਨ ਦੇ ਹਵਾਲੇ ਕਰ ਦਿਤੀ, ਤੋਂ ਉਸ ਨੇ ਫ਼ੋਰਨ ਸਰਹਿੰਦ ਉਤੇ ਕਬਜ਼ਾ ਕਰ ਲਿਆ।

ਅਮਰ ਸਿੰਘ, ਜੋ ਅਜੇ ਅਹਿਮਦ ਸ਼ਾਹ ਦੇ ਕੰਪੂ ਵਿਚ ਹੀ ਸੀ, ਨੂੰ ਨਜੀਬੁੱਦੌਲਾ ਨੇ ਇਕ ਦਿਨ ਗੱਲਾਂ ਗੱਲਾਂ ਵਿਚ ਹੀ ਕਿਹਾ, "ਰਾਜਾ ਸਾਹਿਬ! ਤੁਹਾਡਾ ਪਟਿਆਲੇ ਵਾਲਾ ਕਿਲ੍ਹਾ ਤਾਂ ਐਵੇਂ ਮਾਮੂਲੀ ਜਿਹਾ ਹੀ ਹੈ। ਮੈਂ ਤੁਹਾਨੂੰ ਨਜੀਬਾਬਾਦ ਵਿਚ ਬਣਿਆ ਆਪਣਾ ਪੱਥਰ ਦਾ ਕਿਲ੍ਹਾ ਦੇਵਾਂਗਾ, ਜੋ ਬਹੁਤ ਹੀ ਮਜ਼ਬੂਤ ਤੇ ਸੁਰੱਖਿਅਤ ਹੈ।" ਇਸ ਦੇ ਨਾਲ ਹੀ ਅਮਰ ਸਿੰਘ ਉਤੇ ਬੜੀ ਕਰੜੀ ਨਿਗਰਾਨੀ ਸ਼ੁਰੂ ਬਰ ਦਿਤੀ। ਉਹ ਸਮਝ ਗਿਆ ਕਿ ਹੁਣ ਉਸਨੂੰ ਕੈਦੀ ਬਣਾ ਕੇ ਨਜੀਬਾਬਾਦ ਲਿਜਾ ਕੇ ਉਸ ਕਿਲ੍ਹੇ ਵਿਚ ਡਕਿਆ ਜਾਵੇਗਾ। ਇਸ ਨਾਲ ਉਸ ਦੇ ਮਨ ਉਤੇ ਬੜੀ ਭਾਰੀ ਸੱਟ ਵਜੀ। ਉਸਨੂੰ ਜਾਨ ਬਚਦੀ ਵੀ ਨਜ਼ਰ ਨਾ ਆਈ। ਅਤੀ ਮਾਯੂਸੀ ਦੀ ਹਾਲਤ ਵਿਚ ਆਪਣੀ ਦਾਦੀ ਮਾਂ ਮਾਤਾ ਫੱਤੋ (ਮਹਾਰਾਣੀ ਫਤਹ ਕੌਰ) ਜੋ ਇਕ ਬੜੀ ਸਿਆਣੀ ਤੇ ਦਾਨਸ਼ਵਰ ਔਰਤ ਸੀ, ਨੂੰ ਬੇਨਤੀ ਕੀਤੀ ਕਿ ਉਸ ਨੂੰ ਬਚਾਉਣ ਦਾ ਕੋਈ ਚਾਰਾ ਕਰੇ। ਰਾਣੀ ਫਤਹ ਕੌਰ ਨੇ ਫ਼ੋਰਨ ਵਜ਼ੀਰ ਸ਼ਾਹ ਵਲੀਖ਼ਾਨ ਨਾਲ ਮੁਲਾਕਾਤ ਕੀਤੀ। ਉਸ ਨੂੰ ਕੀਮਤੀ ਨਜ਼ਰ ਨਿਆਜ਼ ਪੇਸ਼ ਕਰ ਕੇ, ਆਪਣੇ ਘਰਾਣੇ ਦੀ ਵਫ਼ਾਦਾਰੀ ਤੇ ਸੇਵਾਵਾਂ ਯਾਦ ਕਰਾਈਆਂ। ਕਿਹਾ ਕਿ ਜੇ ਸਾਡੀ ਵਫ਼ਾਦਾਰੀ ਦਾ ਇਹ ਮੁੱਲ ਪਿਆ ਹੈ ਤਾਂ ਅੱਗੇ ਨੂੰ ਕੌਣ ਤੁਹਾਡੇ ਲਾਗੇ ਲੱਗੂ। ਸਭ ਭਰੋਸਾ ਉਠ ਜਾਏਗਾ। ਅਸਾਂ ਸਰਹਿੰਦ ਦੀ ਗਵਰਨਰੀ ਓਦੋਂ ਕਬੂਲੀ ਸੀ, ਜਦ ਸਿੰਘਾਂ ਤੋਂ ਡਰਦਾ ਹਿੰਦੁਸਤਾਨ ਦਾ ਕੋਈ ਵੀ ਹਾਕਿਮ ਇਸ ਨੂੰ ਲੈਣ ਤੋਂ ਕੰਨ ਫੜ ਕੇ ਤੌਬਾ ਤੌਬ ਕਰਦਾ ਸੀ। ਉਸ ਵੇਲੇ ਵੀ ਨਜੀਬ ਨੇ ਮੂੰਹ ਨਹੀਂ ਸੀ ਕੀਤਾ। ਅੱਜ ਅਸੀਂ ਕਿਹੜੀ ਗਲੋਂ ਮਾੜੇ ਹੋ ਗਏ। ਤੁਸੀਂ ਗਵਰਨਰੀ

---

‡ਬਾਬਾ ਆਲਾ ਸਿੰਘ ਨੂੰ 1765 ਈ: ਵਿਚ ਅਹਿਮਦਸ਼ਾਹ ਨੇ ਸਰਹੰਦ ਦਾ ਰਾਜ ਪਰਬੰਧ (ਜਦ ਇਸ ਨੂੰ ਸਿਖਾਂ ਤੋਂ ਡਰਦਿਆਂ ਹੋਇਆਂ ਲੈਣ ਲਈ ਕੋਈ ਮੁਸਲਮਾਨ ਹਾਕਮ ਮੂੰਹ ਨਹੀਂ ਸੀ ਕਰਦਾ) ਦੇ ਦਿਤਾ ਸੀ। ਇਸ ਦੇ ਬਦਲੇ ਜੋ ਰਕਮ ਲੈਣੀ ਕੀਤੀ ਸੀ, ਉਹ ਕਦੀ ਵੀ ਪੂਰੀ ਨਹੀਂ ਸੀ ਤਰੀ। ਉਹ ਜਮ੍ਹਾ ਹੋ ਕੇ ਨੌਂ ਲੱਖ ਬਣ ਚੁਕੀ ਸੀ।

[]ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ II ਸਫ਼ਾ 323



www.AKJ.Org

ਰਖੇ, ਪਰ ਮੇਰੇ ਪੋਤੇ ਦੀ ਨਜੀਬ ਤੋਂ ਖਲਾਸੀ ਕਰਾਈ ਜਾਵੇ।*

ਵਜ਼ੀਰ ਨੇ ਇਹ ਸਾਰੀਆਂ ਗੱਲਾਂ ਸ਼ਾਹ ਦੇ ਧਿਆਨ ਵਿਚ ਲਿਆਂਦੀਆਂ ਤੇ ਇਸ ਗੱਲ ਉਤੇ ਜ਼ੋਰ ਦਿਤਾ ਕਿ ਜ਼ਾਬਤਾ ਖਾਨ ਤੇ ਨਜ਼ੀਬੁਦੌਲਾ ਕਿਸੇ ਵੀ ਹਾਲਤ ਵਿਚ ਸਰਹਿੰਦ ਨੂੰ ਕਾਬੂ ਵਿੱਚ ਨਹੀਂ ਰਖ ਸਕਣਗੇ। ਤੁਹਾਡੇ ਪਿਠ ਮੋੜਦਿਆਂ ਹੀ ਸਿਖਾਂ ਜ਼ਾਬਤਾ ਖਾਨ ਨੂੰ ਧੌਣੋਂ ਆ ਫੜਨਾ ਹੈ। ਅਮਰ ਸਿੰਘ ਨੂੰ ਉਨ੍ਹਾਂ ਛੇੜਨਾ ਨਹੀਂ ਤੇ ਇੰਜ ਤੁਹਾਡਾ ਭਰਮ-ਭਾ ਬਣਿਆ ਰਹੇਗਾ। ਨਜੀਬ ਸਿਖਾਂ ਨਾਲ ਪੰਜ਼ਾ ਪਾ ਕੇ ਵੇਖ ਚੁਕਿਆ ਹੈ। ਉਨ੍ਹਾਂ ਦੇ ਹੱਠ ਤੇ ਤਾਕਤ ਦਾ ਹਜ਼ੂਰ ਨੂੰ ਵੀ ਚੰਗੀ ਤਰ੍ਹਾਂ ਪਤਾ ਹੈ। ਜ਼ਾਬਤਾ ਖਾਨ ਦੀ ਕੀ ਮਜਾਲ ਹੈ ਕਿ ਤੁਹਾਡੀ ਗ਼ੈਰ-ਹਾਜ਼ਰੀ ਵਿਚ ਇਕੱਲਾ ਉਨ੍ਹਾਂ ਦੀ ਝਾਲ ਝੱਲ ਸਕੇ। ਚੰਗੀ ਰਾਜਨੀਤੀ ਇਸੇ ਵਿਚ ਹੈ ਕਿ ਅਮਰ ਸਿੰਘ ਨੂੰ ਬਹਾਲ ਰਖਿਆ ਜਾਵੇ। ਵਜ਼ੀਰ ਦੀਆਂ ਇਨ੍ਹਾਂ ਗੱਲਾਂ ਨੇ ਸ਼ਾਹ ਨੂੰ ਕਾਇਲ ਕਰ ਲਿਆ। ਉਸ ਨੇ ਅਮਰ ਸਿੰਘ ਨੂੰ ਨਜੀਬੁਦੌਲਾ ਦੇ ਡੇਰੇ 'ਚੋਂ, ਜਿਥੇ ਉਹ ਕਰੜੇ ਪਹਿਰੇ ਥਲੇ ਸੀ, ਰਿਹਾ ਹੀ ਨਹੀਂ ਕੀਤਾ ਸਗੋਂ ਆਪਣੇ ਪਾਸ ਬੁਲਾ ਕੇ ਉਸ ਨੂੰ ਖ਼ਿਲਅਤ, ਨਿਸ਼ਾਨ, ਧੌਂਸਾ, ਮੱਛੀ ਦੀ ਤਸਵੀਰ ਵਾਲਾ ਸ਼ਾਹੀ ਚਿੰਨ੍ਹ, ਸਰਹਿੰਦ ਦੀ ਸੂਬੇਦਾਰੀ ਤੇ ਆਲ੍ਹਾ ਦਰਜੇ ਦਾ ਖ਼ਿਤਾਬ ਰਾਜਾ-ਏ-ਰਾਜਗਾਨ ਬਹਾਦਰ ਬਖਸ਼ਿਆ।**

ਖੁਸ਼ਵਕਤ ਰਾਏ ਦਸਦਾ ਹੈ ਕਿ ਪਾਤਸ਼ਾਹ ਨੂੰ ਏਨਾ ਮਿਹਰਬਾਨ ਵੇਖ ਕੇ ਅਫ਼ਗਾਨ ਸੈਨਿਕਾਂ ਹਥੀਂ ਕੈਦ ਕੀਤੇ ਬਹੁਤ ਸਾਰੇ ਹਿੰਦੁਸਤਾਨੀਆਂ ਦੀ ਰਿਹਾਈ ਦਾ ਵੀ ਅਮਰ ਸਿੰਘ ਨੇ ਸ਼ਾਹ ਪਾਸੋਂ ਫ਼ਰਮਾਨ ਲੈ ਲਿਆ, ਜੋ ਤੁਰੰਤ ਰਿਹਾ ਕਰ ਦਿਤੇ ਗਏ। ਅਹਿਮਦਸ਼ਾਹ ਦੀਆਂ ਇਨ੍ਹਾਂ ਬਖਸ਼ਿਸ਼ਾਂ ਦੇ ਸ਼ੁਕਰਾਨੇ ਵਜੋਂ ਅਮਰ ਸਿੰਘ ਨੇ ਪਾਤਸ਼ਾਹ ਦੇ ਨਾਮ ਦਾ ਸਿੱਕਾ ਆਪਣੇ ਰਾਜ ਵਿਚ ਚਾਲੂ ਕੀਤਾ। ਨਾਲ ਹੀ ਇਕ ਲੱਖ ਰੁਪਏ ਭੇਟ ਕੀਤੇ। ਸ਼ਾਹ ਵਲੀਖਾਨ ਦੀ ਮਿਹਰਬਾਨੀ ਨਾਲ ਹੀ ਇਹ ਸਭ ਕੁਝ ਹੋਇਆ ਸੀ, ਉਸ ਦਾ ਅਹਿਸਾਨ ਮੰਨਦਿਆਂ ਹੋਇਆਂ ਉਸਦੀ "ਬਾਮਿਜ਼ਈ" ਖੇਲ ਦਾ ਸ਼ਬਦ ਆਪਣੇ ਨਾਮ ਨਾਲ ਆਪਣੀ ਸ਼ਾਹੀ ਮੋਹਰ ਉਤੇ ਉਕਰ ਲਿਆ ਤੇ ਆਪਣੇ ਆਪ ਨੂੰ ਅਮਰ ਸਿੰਘ ਬਾਮਿਜ਼ਈ ਅਖਵਾਇਆ, ਜਿਵੇਂ ਕਿ ਉਹ ਸ਼ਾਹ ਵਲੀਖਾਨ ਦੇ ਖ਼ਾਨਦਾਨ ਦਾ ਹੀ ਇਕ ਜੀਅ ਹੋਵੇ।[]

ਤਾਰੀਖ-ਏ-ਹੁਸੈਨ ਸ਼ਾਹੀ ਦਾ ਕਰਤਾ ਸਯਦ ਇਮਾਮੁੱਦੀਨ ਹੁਸੈਨੀ, ਆਪਣੀ ਪੁਸਤਕ ਵਿਚ ਕੁਝ ਇਸ ਤੋਂ ਥੋੜ੍ਹਾ ਜਿਹਾ ਅਗੇ ਹੋਰ ਵੀ ਦਸਦਾ ਹੈ, ਜੋ ਇਸ ਤਰ੍ਹਾਂ ਹੈ, "ਉਸ ਸਮੇਂ ਤੋਂ ਲੈ ਕੇ ਅੱਜ ਤਕ, ਭਾਵ 1798 ਈਸਵੀ ਤਕ, ਅਹਿਮਦਸ਼ਾਹ ਦੇ ਨਾਮ ਦਾ ਸਿੱਕਾ ਅਜੇ ਅਮਰ ਸਿੰਘ ਪਟਿਆਲਾ ਦੇ ਖਾਨਦਾਨ ਵਿਚ ਚਲਦਾ ਹੈ। ਜੋ ਕੋਈ ਵੀ ਇਸ ਖ਼ਾਨਦਾਨ ਵਿਚ ਤਖ਼ਤ ਦਾ ਵਾਰਸ ਬਣਦਾ ਹੈ, ਅਹਿਮਦਸ਼ਾਹ ਦੇ ਨਾਮ ਦਾ ਸਿੱਕਾ ਆਪਣੇ ਰਾਜ ਵਿਚ ਉਸੇ ਸਮੇਂ ਢਾਲ ਕੇ ਚਾਲੂ ਕਰ ਦੇਂਦਾ ਹੈ ਅਤੇ ਆਪਣੇ ਆਪ ਨੂੰ ਦੁਰਾਨੀ ਸ਼ਹਿਨਸ਼ਾਹ ਦੀ

---

*ਸੱਯਦ ਇਮਾਮੁ-ਦੀਨ ਹੁਸੈਨੀ, ਤਾਰੀਖ-ਏ-ਹੁਸੈਨ ਸ਼ਾਹੀ, ਸਫ਼ਾ 85। (ਮਾਤਾ ਫੱਤੋ (ਫਤਹ ਕੌਰ) ਨੇ ਸ਼ਾਹ ਵਲੀ ਖਾਨ ਨਾਲ ਮੁਲਾਕਾਤ ਵੇਲੇ ਉਸ ਨੂੰ ਇਕ ਕੀਮਤੀ ਨਜ਼ਰ ਨਿਆਜ਼ ਭੇਟ ਕੀਤੀ ਸੀ। ਕਾਫ਼ੀ ਭਾਰੀ ਰਕਮ ਨਾਲ ਦੂਸਰੀਆਂ ਕੀਮਤੀ ਚੀਜ਼ਾਂ ਵਿਚ ਇਕ ਬੜਾ ਬਹੁਮੁਲਾ ਸ਼ਾਲ ਵੀ ਸੀ। ਸੱਯਦ ਸਾਹਿਬ ਨੇ ਲੋਰ ਵਿਚ ਆ ਕੇ ਲਿਖ ਮਾਰਿਆ ਹੈ ਕਿ ਮਾਤਾ ਨੇ ਆਪਣੇ ਸਿਰ ਦੀ ਚਾਦਰ ਸ਼ਾਹ ਵਲੀ ਖਾਨ ਦੇ ਪੈਰਾਂ ਉਤੇ ਰਖੀ ਤੇ ਵਾਸਤੇ ਪਾਏ। ਨਿਕੀ ਜਿਹੀ ਗੱਲ ਨੂੰ ਮਰੋੜੀ ਦੇ ਕੇ ਕਿਤੇ ਦਾ ਕਿਤੇ ਪਹੁੰਚਾ ਦਿਤਾ ਹੈ। ਇਹੋ ਜਿਹੀਆਂ ਅਨੇਕਾਂ ਭੁਲਾਂ ਤੇ ਅੱਤ-ਕਥਨੀਆਂ ਇਸ ਹੱਥ-ਲਿਖਤ ਵਿਚ ਆਮ ਮਿਲਦੀਆਂ ਹਨ। ਇਸ ਨੂੰ ਬੜੇ ਧਿਆਨ ਨਾਲ ਪੜ੍ਹਨ ਦੀ ਲੋੜ ਹੈ।

**ਸੱਯਦ ਇਮਾਮ-ਦੀਨ ਹੁਸੈਨੀ, ਤਾਰੀਖ਼-ਏ-ਹੁਸੈਨ ਸ਼ਾਹੀ, ਸਫ਼ਾ 84-85।
ਖੁਸ਼ ਵਕਤ ਰਾਏ, ਕਿਤਾਬ-ਏ- ਤਾਰੀਖ-ਏ-ਪੰਜਾਬ, ਸਫ਼ਾ 168.
[]ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ II ਸਫ਼ਾ 310.
ਸੱਯਦ ਇਮਾਮੁੱਦੀਨ ਹੁਸੈਨੀ, ਤਾਰੀਖ-ਏ-ਹੁਸੈਨ ਸ਼ਾਹੀ, ਸਫ਼ਾ 67, 68
ਖੁਸ਼ਵਕਤ ਰਾਏ ਕਿਤਾਬ-ਏ-ਤਾਰੀਖ਼-ਏ-ਪੰਜਾਬ, ਸਫਾ 164.



www.AKJ.Org

ਪਰਜਾ ਮੰਨਦਾ ਹੈ। ਅਮਰ ਸਿੰਘ ਨੇ ਆਪਣੇ ਵੇਲੇ ਆਪਣੀ ਸ਼ਾਹੀ ਮੋਹਰ ਉਤੇ ਆਪਣਾ ਨਾਮ ਅਮਰ ਸਿੰਘ "ਬਾਮਿਜ਼ਈ" ਉਕਰਿਆ ਸੀ, ਕਿਉਂਕਿ ਸ਼ਾਹ ਵਲੀ ਖ਼ਾਨ ਬਾਮਿਜ਼ਈ ਖੇਲ਼ ਦਾ ਅਫ਼ਗਾਨ ਸੀ।"*

ਅਮਰ ਸਿੰਘ ਵਲੋਂ ਜਾਰੀ ਹੋਏ ਸਿੱਕਿਆਂ ਉਤੇ ਉਹੋ ਸ਼ਬਦ ਉਕਰੇ ਗਏ ਸਨ ਜੋ ਅਹਿਮਦਸ਼ਾਹ ਦੇ ਆਪਣੇ ਸਿੱਕਿਆਂ ਉਤੇ ਸਨ :

ਹੁਕਮ ਸ਼ੁਦ ਅਜ਼ ਕਾਦਿਰਿ ਬੇ ਚੂੰ ਬ-ਅਹਿਮਦ ਪਾਦਸ਼ਾਹ
ਸਿੱਕਾ ਜ਼ਨ ਬਰ ਸੀਮੋ ਜ਼ਰ ਔਜਿ ਮਾਹੀ ਤਾ ਬ-ਮਾਹ ॥

**ਉਲਥਾ** :–ਅਗੰਮ ਅਗੋਚਰ ਅਕਾਲ ਪੁਰਖ ਦਾ ਹੁਕਮ ਅਹਿਮਦਸ਼ਾਹ ਨੂੰ ਹੋਇਆ, (ਕਿ) ਮੱਛੀ (ਦੀ ਪਿੱਠ ਤੋਂ ਲੈ ਕੇ) ਉਪਰ ਚੰਦਰਮਾ ਤੀਕ (ਭਾਵ, ਪਾਤਾਲ ਤੋਂ ਲੈ ਕੇ ਅਕਾਸ਼ ਤੀਕ) ਚਾਂਦੀ ਅਤੇ ਸੋਨੇ ਦਾ ਸਿੱਕਾ ਚਲਾਉ।

ਮਹਾਰਾਜਾ ਅਮਰ ਸਿੰਘ ਪਿਛੋਂ ਇਹ ਰਸਮ ਹੀ ਬਣ ਗਈ ਕਿ ਜਦ ਪਟਿਆਲੇ ਦੇ ਮਹਾਰਾਜਿਆਂ ਵਿਚੋਂ ਕੋਈ ਨਵਾਂ ਗੱਦੀ ਉਤੇ ਬੈਠਦਾ ਤਾਂ ਉਸ ਸਮੇਂ ਰਸਮ ਦੇ ਤੌਰ ਤੇ ਸੋਨੇ ਚਾਂਦੀ ਦੇ ਸਿੱਕੇ ਜਾਰੀ ਕੀਤੇ ਜਾਂਦੇ। ਆਖ਼ਰੀ ਵਾਰ ਇਹ ਸਿੱਕਾ 1938 ਈ: ਵਿਚ ਮਹਾਰਾਜਾ ਯਾਦਵਿੰਦਰ ਸਿੰਘ ਦੇ ਗੱਦੀ ਉਤੇ ਬੈਠਣ ਸਮੇਂ ਜਾਰੀ ਹੋਇਆ ਸੀ।

## ਸਤਲੁਜ ਦੇ ਕੰਢੇ ਮਾਛੀਵਾੜੇ ਵਿਖੇ ਸ਼ਾਹ ਦਾ ਡੇਰਾ–

ਸਰਹਿੰਦੋਂ ਕੂਚ ਕਰ ਕੇ ਅਹਿਮਦਸ਼ਾਹ 23 ਮਾਰਚ 1767 ਈ: ਨੂੰ ਸਤਲੁਜ ਦੇ ਕੰਢੇ ਮਾਛੀਵਾੜੇ ਆਣ ਉਤਰਿਆ ਤੇ ਡੇਰਾ ਲਾ ਦਿਤਾ। ਉਹ ਇਕ-ਦਮ ਦਰਿਆ ਟੱਪ ਕੇ ਦੁਆਬੇ ਵਿਚ ਦਾਖ਼ਲ ਨਹੀਂ ਸੀ ਹੋਣਾ ਚਾਹੁੰਦਾ। ਉਸ ਨੂੰ ਪਿਛਲੇ ਹੱਲੇ ਵੇਲੇ ਦਾ ਕੌੜਾ ਤਜਰਬਾ ਅਜੇ ਚੰਗੀ ਚੇਤੇ ਸੀ। ਉਨ੍ਹਾਂ ਸੱਤਾਂ ਅੱਠਾਂ ਦਿਨਾਂ ਵਿਚ ਸਿੰਘਾਂ ਨੇ ਦੁਆਬੇ ਦੇ ਇਲਾਕੇ ਵਿਚ ਦੁਰਾਨੀ ਲਸ਼ਕਰ ਉਤੇ ਤਾਬੜ-ਤੋੜ ਹੱਲੇ ਕਰ ਕਰ ਕੇ ਅਹਿਮਦਸ਼ਾਹ ਦੀ ਐਸੀ ਸੁਰਤ ਭੁਲਾ ਦਿਤੀ ਸੀ ਕਿ ਸਿੰਘਾਂ ਤੋਂ ਖਹਿੜਾ ਛੁਡਾ ਕੇ ਬਿਆਸ ਟਪਦਿਆਂ ਹੀ ਰਾਵੀ ਵਲ ਨੂੰ ਹੋ ਤੁਰਿਆ ਸੀ ਤੇ ਵਾਹੋ ਦਾਹੀ ਰਾਵੀ ਵੀ ਟੱਪ ਗਿਆ ਸੀ। ਅੰਮ੍ਰਿਤਸਰ ਜਾਂ ਲਾਹੌਰ ਵਿਚ ਵੜਨ ਦਾ ਉਸ ਨੂੰ ਹੌਸਲਾ ਤੱਕ ਨਹੀਂ ਸੀ ਪਿਆ। ਸਿੰਘਾਂ ਸਰਦਾਰਾਂ ਨਾਲ ਸੁਲਾਹ ਕਰ ਲੈਣ ਦੇ ਇਸ ਵਾਰ ਵੀ ਸ਼ਾਹ ਨੇ ਪੂਰੇ ਪੂਰੇ ਯਤਨ ਕੀਤੇ ਸਨ। ਹੱਦੋਂ ਵੱਧ ਟਿਲ ਲਾਉਣ ਦੇ ਬਾਵਜੂਦ ਵੀ ਨਾ ਸਰਦਾਰ ਲਹਿਣਾ ਸਿੰਘ ਅਤੇ ਨਾ ਹੀ ਸ: ਜੱਸਾ ਸਿੰਘ ਆਹਲੂਵਾਲੀਆ ਹੀ ਗੱਲ ਕਰਨ ਲਈ ਮੰਨਿਆ ਸੀ। ਸਿੰਘ ਹੀਣੇ ਹੋ ਕੇ ਜਾਂ ਸਿਰ ਨਿਵਾ ਕੇ ਜੀਉਣਾ ਨਹੀਂ ਸਨ ਜਾਣਦੇ। ਉਹ ਇਨ੍ਹਾਂ ਧਾੜਵੀਆਂ ਪਾਸੋਂ ਰਿਆਇਤਾਂ ਲੈਣੀਆਂ ਜਾਂ ਇਨ੍ਹਾਂ ਦੇ ਦੁਬੇਲ ਬਣ ਕੇ ਜੀਊਣ ਨੂੰ ਮੌਤ ਨਾਲੋਂ ਵੀ ਬੁਰਾ ਸਮਝਦੇ ਸਨ। ਰਾਜ ਤਾਂ ਕਲਗੀਧਰ ਪਾਤਸ਼ਾਹ ਨੇ ਉਨ੍ਹਾਂ ਨੂੰ ਬਖਸ਼ੇ ਸਨ। ਇਸ ਵਿਚ ਇਹ ਨਿਗੂਣੇ ਮੁਗਲ ਜਾਂ ਦੁਰਾਨੀ ਅਬਦਾਲੀ ਕੀ ਘਾਟਾ ਵਾਧਾ ਕਰ ਸਕਦੇ ਸਨ। ਅਕਾਲ ਪੁਰਖ ਉਤੇ ਅਟੱਲ ਵਿਸ਼ਵਾਸ ਰੱਖਣ ਵਾਲੇ ਸਿੰਘ ਇਸ ਦੁਰਾਨੀ ਦੀ ਬਾਦਸ਼ਾਹਤ ਨੂੰ ਤੁਛ ਸਮਝਦੇ ਸਨ। ਇਸ

---

* ਹੁਸੈਨ ਸ਼ਾਹੀ, ਸਫ਼ਾ 85–86.
ਅਬਦੁਲ ਕਰੀਮ ਅਲਵੀ, ਤਾਰੀਖ਼-ਏ-ਅਹਿਮਦ ਉਰਫ਼ ਮੁਹਾਰਬਾਤ–ਏ–ਸਲਾਤੀਨ-ਏ–ਦੁਰਾਨੀ, ਸਫ਼ਾ 17
ਸੁਲਤਾਨ ਮੁਹੰਮਦ ਇਬਨ ਮੂਸਾ ਖਾਨ ਦੁਰਾਨੀ, ਤਾਰੀਖ਼-ਏ-ਸੁਲਤਾਨੀ, ਸਫ਼ਾ 146;
ਗਿਆਨੀ ਗਿਆਨ ਸਿੰਘ, ਰਾਜ ਖਾਲਸਾ, ਸਫ਼ਾ 388।

ਜੇ: ਡੀ: ਕਨਿੰਘਮ ਪਰਸਿਧ ਪੁਸਤਕ 'ਏ ਹਿਸਟਰੀ ਆਫ ਦੀ ਸਿਖਜ਼" ਦੇ ਸਫ਼ਾ 113 ਉਤੇ ਲਿਖਦਾ ਹੈ ਕਿ ਅਮਰ ਸਿੰਘ ਨੂੰ ਰਿਹਾ ਕਰਨ ਵੇਲੇ ਅਹਿਮਦ ਸ਼ਾਹ ਨੇ "ਮਹਾਰਾਜਾ" ਦਾ ਖ਼ਿਤਾਬ ਦਿਤਾ ਸੀ। ਇਹ ਉਸਦੀ ਭੁਲ ਹੈ। ਖ਼ਿਤਾਬ ਸਿਰਫ਼ "ਰਾਜਾ-ਏ-ਰਾਜਗਾਨ ਬਹਾਦਰ" ਦਾ ਸੀ।



www.AKJ.Org

ਕੋਮ ਨੂੰ ਦੁਨੀਆ ਵਿਚ ਕੌਣ ਈਨ ਮਨਾ ਸਕਦਾ ਹੈ ?

ਇਸ ਲਈ ਉਸ ਨੇ ਸਤਲੁਜ ਨੂੰ ਪਾਰ ਕਰਨ ਵਿਚ ਕਾਹਲ ਨਹੀਂ ਕੀਤੀ। ਇਹ ਉਹਦੀ ਸਿਆਣਪ ਸੀ। ਅਹਿਮਦਸ਼ਾਹ ਮਾਛੀਵਾੜੇ ਲਗ ਪਗ ਦੋ ਮਹੀਨੇ ਟਿਕਿਆ ਰਿਹਾ। ਫੌਜ ਦਾ ਮਨ ਟਿਕਾਈ ਰੱਖਣ ਲਈ ਆਸ ਪਾਸ ਦਿਆਂ ਇਲਾਕਿਆਂ ਵਿਚ ਸਿੱਖਾਂ ਵਿਰੁਧ ਕਾਰਵਾਈਆਂ ਕਰਦਾ ਰਿਹਾ। ਇਨ੍ਹਾਂ ਮੁਹਿੰਮਾਂ ਦਾ ਮਰ੍ਹੈਲ ਨਜੀਬੁੱਦੌਲਾ ਦਾ ਭਰਾ ਅਫਜ਼ਲ ਖ਼ਾਨ ਸੀ। ਮਨੀ-ਮਾਜਰੇ, ਜੋ ਏਥੋਂ 40 ਕੁ ਮੀਲ ਚੜ੍ਹਦੇ ਵਿਚ ਹੈ, ਸਿੰਘਾਂ ਦੇ ਇਕੱਠ ਹੋਣ ਦਾ ਪਤਾ ਲੱਗਾ। ਅਫਜ਼ਲ ਖਾਨ ਤਕੜੀ ਫ਼ੌਜ ਲੈ ਕੇ ਜਾ ਪਿਆ। ਕਾਫ਼ੀ ਦੇਰ ਤਕ ਲੜਾਈ ਹੁੰਦੀ ਰਹੀ। ਕੋਈ ਸਿੰਘ ਸਰਦਾਰ ਕਾਬੂ ਨਾ ਆਇਆ। ਮੁੜਦੇ ਹੋਏ ਕੁਝ ਹਿੰਦੂ-ਵਸੋਂ ਫੜ ਕੇ ਨਾਲ ਲੈ ਗਏ। ਰਸਤੇ ਵਿਚ ਪਿੰਡ ਲੁੱਟ ਲਏ ਗਏ। ਸ਼ਾਹ ਤੋਂ ਜਦ ਹੋਰ ਕੁਝ ਨਾ ਸਰੀ ਤਾਂ ਕੀਰਤਪੁਰ ਤੇ ਅਨੰਦਪੁਰ ਸਾਹਿਬ ਦਿਆਂ ਸ਼ਹਿਰਾਂ ਨੂੰ ਲੁੱਟਣ ਲਈ ਦੁਰਾਨੀ ਫੌਜ ਚਾੜ੍ਹ ਦਿਤੀ। ਇਸ ਬਾਰੇ ਨਜੀਬੁੱਦੌਲਾ ਨੇ ਖ਼ਬਰ ਦਿੰਦਿਆਂ ਹੋਇਆਂ ਮੁਗ਼ਲ ਪਾਤਸ਼ਾਹ ਸ਼ਾਹ ਆਲਮ ਨੂੰ ਦਿੱਲੀ ਚਿੱਠੀ ਵਿਚ ਲਿਖਿਆ ਸੀ, "ਸ਼ਾਹ (ਅਹਿਮਦਸ਼ਾਹ) ਨੇ ਮਾਖੋਵਾਲ (ਅਨੰਦਪੁਰ ਸਾਹਿਬ) ਉਤੇ ਹੱਲੇ ਲਈ ਫੌਜ ਰਵਾਨਾ ਕਰ ਦਿਤੀ ਹੈ। ਇਨ੍ਹਾਂ ਕਾਫ਼ਰਾਂ ਲਈ (ਸਿਖਾਂ ਲਈ) ਇਹ ਬੜਾ ਪਵਿੱਤਰ ਸ਼ਹਿਰ ਹੈ, ਏਥੇ ਇਨ੍ਹਾਂ ਦਾ ਇਕ ਛੋਟਾ ਜਿਹਾ ਕਿਲ੍ਹਾ ਵੀ ਹੈ। ਇਸ ਗ਼ਲੀਜ਼ ਫ਼ਿਰਕੇ ਦੀ ਸੁਧਾਈ ਸ਼ੁਰੂ ਹੋ ਚੁਕੀ ਹੈ ਤੇ ਇਹ ਅਜੇ ਵੀ ਚਾਲੂ ਹੈ।* ਅਸਲੀਅਤ ਇਹ ਹੈ ਕਿ ਇਨ੍ਹਾਂ ਮੁਹਿੰਮਾਂ ਵਿਚ ਸ਼ਾਹ ਨੂੰ ਕੋਈ ਖਾਸ ਸਫਲਤਾ ਨਾ ਪ੍ਰਾਪਤ ਹੋਈ। ਇਹ ਸਿਰਫ਼ ਫ਼ੌਜ ਨੂੰ ਆਹਰੇ ਲਾਈ ਰਖਣ ਦੇ ਹੀ ਢੰਗ ਸਨ।

ਮਾਛੀਵਾੜੇ ਤੋਂ ਦਰਿਆ ਕਦ ਪਾਰ ਕੀਤਾ ਜਾਵੇ ਤੇ ਕਿਹੜਾ ਰਸਤਾ ਅਖ਼ਤਿਆਰ ਕੀਤਾ ਜਾਵੇ, ਇਸ ਬਾਰੇ ਅਜੇ ਸ਼ਾਹ ਕੋਈ ਦੋ-ਟੁਕ ਫ਼ੈਸਲਾ ਨਹੀਂ ਸੀ ਕਰ ਸਕਿਆ ਕਿ ਸ੍ਰੀ ਅੰਮ੍ਰਿਤਸਰ ਵਲੋਂ ਅਪ੍ਰੈਲ ਦੇ ਪਹਿਲੇ ਹਫ਼ਤੇ ਖ਼ਬਰਾਂ ਪੁਜਣੀਆਂ ਸ਼ੁਰੂ ਹੋ ਗਈਆਂ ਕਿ ਇਸ ਸਾਲ 1767 ਈ: ਦੀ ਵਿਸਾਖੀ, ਜੋ ਕਿ 10 ਅਪ੍ਰੈਲ ਵਾਲੇ ਦਿਨ ਹੈ, ਦੇ ਮੇਲੇ ਲਈ ਸਵਾ ਲੱਖ ਦੇ ਕਰੀਬ ਰਾਠ ਖਾਲਸੇ ਪੂਰੀ ਜੰਗੀ ਤਿਆਰੀਆਂ ਨਾਲ ਲੜਨ ਮਰਨ ਲਈ ਇਕੱਠੇ ਹੋ ਰਹੇ ਹਨ। ਇਸ ਵਾਰ ਦੁਰਾਨੀਆਂ ਨਾਲ ਦੋ-ਟੁਕ ਫ਼ੈਸਲਾ ਕਰਨ ਲਈ ਲੜਾਈ ਦਾ ਇਰਾਦਾ ਧਾਰੀ ਬੈਠੇ ਹਨ। ਅਹਿਮਦ ਸ਼ਾਹ ਇਕ ਤਜਰਬਾਕਾਰ ਤੇ ਸਿਆਣਾ ਬੰਦਾ ਸੀ। ਗੁਸੇ ਜਾਂ ਕਾਹਲ ਵਿਚ ਕੁਥਾਂ ਫਸਣ ਨੂੰ ਤਾਂ ਉਹ ਵੀ ਤਿਆਰ ਨਹੀਂ ਸੀ। ਉਸ ਨੂੰ ਪਤਾ ਸੀ ਕਿ ਇਸ ਤਿਆਰੀ ਨਾਲ ਜੋ ਸਿੰਘ ਇਕੱਠੇ ਹੋ ਰਹੇ ਹਨ, ਇਸ ਭੇੜ ਦਾ ਨਤੀਜਾ ਕੁਝ ਹੋਰ ਹੀ ਨਿਕਲੇਗਾ। ਉਹ ਇਹੋ ਜਿਹੀ ਅੱਗ ਵਿਚ ਨਹੀਂ ਸੀ ਕੁਦ ਸਕਦਾ, ਜਿਸ ਵਿਚ ਸਪਸ਼ਟ ਤੌਰ ਤੇ ਉਸ ਦਾ ਹੀ ਨੁਕਸਾਨ ਹੁੰਦਾ ਹੋਵੇ। ਉਹ ਜਾਣਦਾ ਸੀ ਕਿ ਇਸ ਮੌਕੇ ਤੇ 1762 ਦੀ ਦੀਵਾਲੀ ਨਾਲੋਂ ਕਿਤੇ ਭਿਆਨਕ ਲੜਾਈ ਹੋਵੇਗੀ ਤੇ ਉਸ ਦੀ ਦੁਰਾਨੀ ਫ਼ੌਜ ਇਸ ਵਾਰ ਦੇ ਸਿੰਘਾਂ ਦੇ ਬੜੇ ਸਖ਼ਤ ਤੇ ਕਹਿਰੀ ਹੱਲਿਆਂ ਅੱਗੇ ਅੜ ਨਹੀਂ ਸਕੇਗੀ। ਇਨ੍ਹਾਂ ਸਾਰਿਆਂ ਹਾਲਾਂ ਤੇ ਨਤੀਜਿਆਂ ਨੂੰ ਮਿਣ-ਤੋਲ ਕੇ ਉਸ ਨੇ ਮਾਛੀਵਾੜੇ ਕੁਝ ਚਿਰ ਲਈ ਟਿਕੇ ਰਹਿਣ ਦਾ ਫ਼ੈਸਲਾ ਕਰ ਲਿਆ। ਉਹ ਲਗ ਪਗ ਇਥੋਂ ਦੋ ਮਹੀਨੇ ਨਹੀਂ ਹਿਲਿਆ।

## ਸਿੰਘਾ ਵਲੋਂ ਨਜੀਬੁਦੌਲਾ ਦੇ ਇਲਾਕੇ ਉਤੇ ਹਲਾ ਤੇ ਉਸ ਦੀ ਤਬਾਹੀ–

ਨਜੀਬੁਦੌਲਾ ਸਿਹਤ ਦੀ ਖ਼ਰਾਬੀ ਕਰਕੇ ਸ਼ਾਹ ਦੇ ਕੰਪੂ ਵਿਚ ਜ਼ਿਆਦਾ ਦੇਰ ਲਈ ਨਾ ਟਿਕ ਸਕਿਆ। ਉਹ ਛੁਟੀ ਲੈ ਕੇ 11 ਮਈ ਨੂੰ ਵਾਪਸ ਮੁੜ ਪਿਆ। ਸਿੰਘਾਂ ਨੂੰ ਨਜੀਬ ਉਤੇ ਕਾਫ਼ੀ ਗੁੱਸਾ ਸੀ। ਉਹ ਆਪਣੀ

---

* ਸੱਯਦਨੂਰੁੱਦੀਨ ਹੁਸੈਨਖਾਨ, ਤਾਰੀਖ਼-ਏ-ਨਜੀਬੁੱਦੌਲਾ, ਸਫ਼ਾ 110-ਬੀ;
ਕੈਲੰਡਰ ਆਫ਼ ਪਰਸ਼ੀਅਨ ਕਾਰਸਪੌਂਡੈਂਸ ii, ਸਫ਼ਾ 310; 415



www.AKJ.Org

ਫ਼ੌਜ, ਪੁਤਾਂ ਤੇ ਭਰਾਵਾਂ ਨੂੰ ਨਾਲ ਲੈ ਕੇ ਸਿੰਘਾਂ ਵਿਰੁਧ ਕਾਰਵਾਈ ਵਿਚ ਅਹਿਮਦਸ਼ਾਹ ਦੇ ਨਾਲ ਸ਼ਾਮਲ ਸੀ। ਉਹ ਚਾਹੁੰਦੇ ਸਨ ਕਿ ਨਜੀਬੁਦੌਲਾ, ਉਸ ਦੇ ਬੰਦਿਆਂ ਤੇ ਫੌਜ ਨੂੰ ਅਹਿਮਦਸ਼ਾਹ ਦੇ ਲਸ਼ਕਰ ਨਾਲੋਂ ਵੱਖ ਕਰ ਦਿੱਤਾ ਜਾਵੇ, ਤਾਕਿ ਪੰਜਾਬ ਵਿਚ ਦੀ ਲੰਘਦਿਆਂ ਦੁਰਾਨੀ ਲਸ਼ਕਰ ਦੀ ਨਾ ਕੋਈ ਸਹਾਇਤਾ ਕਰੇ ਨਾ ਅਗਵਾਈ। ਇਸ ਹਾਲਤ ਵਿਚ ਦੁਰਾਨੀ ਲਸ਼ਕਰ ਨੂੰ ਛਾਂਗਣ ਤੇ ਮੁੱਛਣ-ਤੱਛਣ ਵਿਚ ਸੌਖ ਰਹੇਗੀ। ਨਜੀਬ ਦੇ ਲਾਮ-ਲਸ਼ਕਰ ਨੂੰ ਸ਼ਾਹ ਦੀ ਫੌਜ ਨਾਲੋਂ ਨਿਖੇੜਨ ਲਈ (ਤਾਕਿ ਉਹ ਛੇਤੀ ਆਪਣੇ ਇਲਾਕੇ ਦੀ ਰਾਖੀ ਲਈ ਮੁੜਨ) ਸਿੰਘਾਂ ਦਾ ਇਕ ਤਕੜਾ ਹਿਸਾ ਬੂੜੀਆ ਘਾਟੋਂ ਜਮਨਾ ਟਪ ਕੇ ਨਜੀਬ ਦੇ ਇਲਾਕੇ ਉਤੇ ਜਾ ਪਿਆ। ਉਨ੍ਹਾਂ ਜਾਂਦਿਆਂ ਹੀ ਅੰਬਹੇਟਾ ਤੇ 14 ਮਈ ਨੂੰ ਨਾਨੌਤਾ ਤਬਾਹ ਕਰ ਦਿੱਤਾ। ਫਿਰ ਸਾਦਾਤ ਬਾਰਹ ਦੀਆਂ ਬਸਤੀਆਂ ਨੂੰ ਬਰਬਾਦ ਕੀਤਾ (ਇਹ ਸਾਦਾਤ ਬਾਰਹ ਨਿਰੋਲ ਸਯਦਾਂ ਦੇ ਪਿੰਡ ਸਨ। ਬਾਦਸ਼ਾਹ-ਗਰ ਸਯਦ ਭਰਾ ਵੀ ਏਥੋਂ ਦੇ ਹੀ ਸਨ)। ਇਹ ਜ਼ਿਲਾ ਮੁਜ਼ੱਫਰ ਨਗਰ ਵਿਚ ਹਨ। ਇਸ ਤੋਂ ਪਿਛੋਂ ਮੇਰਠ ਉਤੇ ਧਾਵਾ ਕੀਤਾ ਤੇ ਲੁਟ ਪੁਟ ਲਿਆ।* ਸ਼ਾਮਲੀ ਵੀ ਮਾਰ ਲਈ। ਨਜੀਬੁਦੌਲਾ ਨੂੰ ਜਦ ਆਪਣੇ ਇਲਾਕੇ ਦੀ ਸਿੰਘਾਂ ਹਥੋਂ ਇੰਜ ਹੋਈ ਬਰਬਾਦੀ ਦੀਆਂ ਖ਼ਬਰਾਂ ਮਿਲੀਆਂ ਤਾਂ ਸੁਣ ਕੇ ਉਸਦੇ ਹੋਸ਼ ਉਡ ਗਏ। ਆਪਣੇ ਵਿਚ ਸਿੰਘਾਂ ਨਾਲ ਟਾਕਰੇ ਲਈ ਅਸਮਰਥਾ ਵੇਖ ਕੇ ਅਹਿਮਦਸ਼ਾਹ ਨੂੰ ਸਹਾਇਤਾ ਲਈ ਬਿਨੈ ਕੀਤੀ। ਸ਼ਾਹ ਨੇ ਨਜੀਬ ਦੇ ਪੁੱਤਰ ਜ਼ਾਬਤਾ ਖ਼ਾਨ ਨਾਲ ਜਹਾਨ ਖ਼ਾਨ ਨੂੰ 8 ਹਜ਼ਾਰ ਦੁਰਾਨੀ ਸਿਪਾਹੀ ਦੇ ਕੇ ਭੇਜਿਆ। ਜ਼ਾਬਤਾ ਖ਼ਾਨ ਦੇ ਆਪਣੇ 5 ਹਜ਼ਾਰ ਰੁਹੇਲੇ ਸਵਾਰ ਤੇ ਇਹ 8 ਹਜ਼ਾਰ ਦੁਰਾਨੀ ਫੌਜ ਤਿੰਨ ਦਿਨਾਂ ਵਿਚ 180 ਮੀਲ ਦਾ ਪੰਧ ਮਾਰ ਕੇ ਮੇਰਠ ਪੁਜੀ। ਫਿਰ ਸ਼ਾਮਲੀ ਵਲ ਵਧੇ। ਪਰ ਸਿੰਘਾਂ ਨੂੰ ਇਸ ਲਸ਼ਕਰ ਦੇ ਚੜ੍ਹ ਆਉਣ ਦੀ ਕਨਸੋਅ ਮਿਲ ਚੁਕੀ ਸੀ। ਇਸ ਲਈ ਉਹ 19 ਮਈ ਨੂੰ ਇਸ ਲਸ਼ਕਰ ਦੇ ਪੁਜਣ ਤੋਂ 4 ਘੜੀਆਂ ਪਹਿਲਾਂ ਜਮਨਾ ਟੱਪ ਕੇ ਪੰਜਾਬ ਵਲ ਨੂੰ ਹਟ ਆਏ। ਥੋੜੇ ਜਿਹੇ ਸਿੰਘ ਜੋ ਜਮਨਾ ਨਾ ਟੱਪੇ, ਸ਼ਾਮਲੀ ਤੇ **ਕੈਰਾਨਾਹ** ਦੇ ਕਸਬਿਆਂ ਦੇ ਵਿਚਕਾਰ ਉਤਰੇ ਹੋਏ ਸਨ, ਉਹ ਇਸ ਲਸ਼ਕਰ ਨਾਲ ਟੱਕਰ ਪਏ। (ਇਹ ਦੋਵੇਂ ਸ਼ਹਿਰ ਜ਼ਿਲਾ ਮੁਜ਼ੱਫਰ ਨਗਰ ਦੇ ਪਛਮ ਵਲ ਹਨ)। ਇਸ ਟੁਕੜੀ ਦਾ ਸਿਖ ਸਰਦਾਰ ਮਾਰਿਆ ਗਿਆ। ਇਸ ਝੜਪ ਵਿਚ ਸ: ਬਘੇਲ ਸਿੰਘ ਕਰੋੜਾ-ਸਿੰਘੀਆ ਜ਼ਖਮੀ ਹੋ ਗਿਆ। ਕੁਝ ਸਿੰਘ ਮਾਰੇ ਗਏ, ਜੋ ਬਚੇ, ਉਹ ਪਿਛੇ ਹਟ ਗਏ।[]

ਜੀ. ਆਰ. ਸੀ. ਵਿਲੀਅਮਜ਼ ਆਪਣੀ ਲਿਖਤ ਵਿਚ ਸਿੰਘਾਂ ਦੇ ਇਸ ਹਲੇ ਦਾ ਜ਼ਿਕਰ ਕਰਦਾ ਹੋਇਆ ਇਕ ਸਮਕਾਲੀ ਮੁਸਲਮਾਨ ਦੇ ਰੋਜ਼ਨਾਮਚੇ ਦਾ ਹਵਾਲਾ ਦੇਂਦਾ ਹੈ, ਜਿਸ ਵਿਚ ਲਿਖਿਆ ਹੈ:–"ਇਸ ਸਮੇਂ ਇਸ ਰੱਬ ਦੇ ਬੰਦੇ ਦਾ ਵੀ ਮਾਲ ਗਿਆ। ਇਹ ਸ਼ਮਸੁੱਦੀਨ ਦੇ ਵਿਆਹ ਦਾ ਮਹੀਨਾ ਸੀ ਅਤੇ ਮੁਹੰਮਦ ਖਾਨ ਦਾ ਪੁਤਰ ਸ਼ੇਖ ਅੱਲਾ ਯਾਰ ਖਾਂ ਕਾਫ਼ਰਾਂ ਦੇ ਹਥੋਂ ਸ਼ਹੀਦ ਹੋਇਆ।" ਇਸ ਡਾਇਰੀ ਦਾ ਲਿਖਾਰੀ ਮੁਹੰਮਦ ਜ਼ਫਰੁੱਦੀਨ ਹੈ, ਜਿਸ ਨੇ ਹਲੇ ਦੀ ਮਿਤੀ 15 ਜ਼ੀਉਲਹਿਜ ਸੰ: 1180 ਹਿਜਰੀ, ਮੁਤਾਬਕ 5 ਜੇਠ ਵੀਰਵਾਰ ਸੰਮਤ 1824 (12 ਮਈ ਸੰਨ 1767 ਈਸਵੀ) ਦਿਤੀ ਹੋਈ ਹੈ। ਤਜ਼ਕਰਾ-ਏ-ਤਹਿਮਾਸ ਮਸਕੀਨ ਵਿਚ, ਮਸਕੀਨ 267-68 ਸਫ਼ੇ ਉਤੇ ਇਸ ਦਾ ਜ਼ਿਕਰ ਕਰਦਾ ਹੈ। ਉਹ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਗਿਣਤੀ 9000 ਦੇਂਦਾ ਹੈ। ਉਹ ਦਸਦਾ ਹੈ ਕਿ ਮੈਂ ਖ਼ੁਦ ਇਸ ਮੁਹਿਮ ਵਿਚ ਸ਼ਾਮਲ ਸਾਂ। [ਨੋਟ:–ਮਸਕੀਨ ਨੇ ਘਲੂਘਾਰੇ ਦੀ ਗਿਣਤੀ ਵਾਂਗ ਏਥੇ

---

* ਜੀ. ਆਰ. ਸੀ. ਵਿਲੀਅਮਜ਼, ਕਲਕੱਤਾ ਰੀਵੀਊ, ਜਨਵਰੀ 1875, ਸਫ਼ਾ 27. ਹੋਰ ਜ਼ਿਆਦਾ ਵੇਰਵੇ ਲਈ ਵੇਖੋ, ਏਸੇ ਲੇਖਕ ਵਲੋਂ "ਦੀ ਸਿਖਸ ਇਨ ਦੀ ਅੱਪਰ [ਜਮੁਨਾ-ਗੰਗਾ] ਦੁਆਬ. ਜਿਲਦ 60, ਸਫ਼ਾਂ 21—39 ਜਿਲਦ 60 ਨੰਬਰ 331, ਸਫ਼ਾ 39—55; ਨੰਬਰ 322, ਸਫ਼ਾ 3 .6—368

[] ਕੇਲੰਡਰ ਆਫ਼ ਪਰਸ਼ੀਅਨ ਕਾਰਜਪੌਂਡੈਂਸ ii, ਸਫ਼ਾ 212
ਸਯਦ ਨੂਰੁਦੀਨ ਹੁਸੈਨ ਖਾਨ, ਤਾਰੀਖ਼-ਏ-ਨਜੀਬੁਦੌਲਾ, ਸਫ਼ਾ 111-12



www.AKJ.Org

ਵੀ ਬਹੁਤ ਵਧਾ ਚੜ੍ਹਾ ਕੇ ਦਸਿਆ ਹੈ। ਏਨੇ ਤਾਂ ਸਾਰੇ ਹੀ ਸਿੰਘ ਜਮਨਾ ਨਹੀਂ ਸਨ ਟੱਪੇ। 13 ਹਜ਼ਾਰ ਦੁਰਾਨੀ ਤੇ ਰੁਹੇਲੇ ਰਲ ਕੇ 9000 ਸਿੰਘ ਮਾਰ ਲੈਣ, ਬਿਲਕੁਲ ਅਸੰਭਵ ਹੈ। ਇਹੋ ਜਿਹੀਆਂ ਅੱਤ-ਕਥਨੀਆਂ ਤੋਂ ਪਾਠਕ ਸੁਚੇਤ ਰਹਿਣ। –ਸਵਰਨ ਸਿੰਘ]

ਸਿੰਘ ਆਪਣਾ ਮਕਸਦ ਪੂਰਾ ਕਰ ਕੇ ਪੰਜਾਬ ਨੂੰ ਵਾਪਸ ਹਟ ਆਏ ਸਨ। ਨਜੀਬ ਤੇ ਉਸ ਦੇ ਸਹਾਇਕ ਲਾਮ-ਲਸ਼ਕਰ ਨੂੰ ਸ਼ਾਹ ਨਾਲੋਂ ਨਿਖੇੜ ਦਿਤਾ ਸੀ। ਉਹ ਹੁਣ ਆਪਣੇ ਲੁਟੇ-ਪੁਟੇ ਤੇ ਸਫ਼ਨ-ਸਫ਼ਾ ਕੀਤੇ ਇਲਾਕੇ ਦੀ ਸਾਰ ਲੈਂਦਾ ਫਿਰਦਾ ਸੀ। ਨਜੀਬ 30 ਜੁਲਾਈ ਨੂੰ ਦਿਲੀ ਅੱਪੜਿਆ।

ਜਹਾਨ ਖਾਂ ਸਤਾਂ ਕੁ ਦਿਨਾਂ ਪਿਛੋਂ ਵਾਪਸ ਮਾਛੀਵਾੜੇ ਅੱਪੜਿਆ। ਸ਼ਾਹ ਨੇ ਹੁਣ ਬਹੁਤੀ ਦੇਰ ਏਥੇ ਅਟਕਣਾ ਵੀ ਠੀਕ ਨਾ ਸਮਝਿਆ। 500 ਦੁਰਾਨੀ ਸਿਪਾਹੀ ਬਗ਼ਾਵਤ ਕਰ ਕੇ ਏਥੋਂ ਕਸੂਰ ਪਾਕਪਟਨ ਤੇ ਮੁਲਤਾਨ ਰਾਹੀਂ ਵਾਪਸ ਚਲੇ ਗਏ। ਸ਼ਾਹ ਨਹੀਂ ਸੀ ਚਾਹੁੰਦਾ ਕਿ ਖਾਲਸੇ ਨਾਲ ਮੱਥਾ ਲਾਇਆ ਜਾਵੇ। ਇਸ ਲਈ ਬਚਦਾ ਹੋਇਆ ਹੁਸ਼ਿਆਰਪੁਰ, ਜਲੰਧਰ, ਗੋਇੰਦਵਾਲ, ਅੰਮ੍ਰਿਤਸਰ ਜਾਂ ਤਰਨ ਤਾਰਨ, ਨੂਰਦੀ ਸਰਾਂ ਤੇ ਲਾਹੌਰ ਦੇ ਜਰਨੈਲੀ ਰਾਹ ਛੱਡ ਕੇ ਕਸੂਰ ਪਾਕਪਟਨ ਅਤੇ ਮੁਲਤਾਨ ਦੇ ਰਸਤੇ ਕੰਧਾਰ ਨੂੰ ਵਾਪਸ ਚਲਾ ਗਿਆ।*

## ਅਬਦਾਲੀ ਵਲੋਂ ਥਾਪੇ ਗਵਰਨਰ ਦਾਦਨ ਖਾਂ ਨੇ ਖਾਲਸੇ ਦੀ ਈਨ ਮੰਨ ਕੇ ਲਾਹੌਰ ਉਨ੍ਹਾਂ ਦੇ ਹਵਾਲੇ ਕਰ ਦਿਤਾ–

ਅਬਦਾਲੀ ਦੇ ਵਾਪਸ ਮੁੜ ਜਾਣ ਕਾਰਨ ਸਿੰਘ ਵੇਹਲੇ ਹੋ ਕੇ ਲੱਗੇ ਆਪਣੇ ਪਹਿਲਿਆਂ ਕਬਜ਼ਿਆਂ ਦਾ ਪ੍ਰਬੰਧ ਸੁਧਾਰਨ, ਤੇ ਹੋਰ ਇਲਾਕੇ ਮੱਲਣ। ਸ: ਗੁੱਜਰ ਸਿੰਘ, ਸ: ਲਹਿਣਾ ਸਿੰਘ ਤੇ ਸ: ਸੋਭਾ ਸਿੰਘ ਨੇ ਲਾਹੌਰ ਪਹੁੰਚ ਕੇ ਸ਼ਾਲੀਮਾਰ ਬਾਗ ਵਿਚ ਡੇਰੇ ਲਾ ਲਏ। ਉਨ੍ਹਾਂ ਲਾਹੌਰ ਦੇ ਦੁਰਾਨੀ ਗਵਰਨਰ ਨੂੰ ਸੁਨੇਹਾ ਭੇਜਿਆ ਕਿ ਜੇ ਭਲਾ ਚਾਹੁੰਨਾਂ ਤਾਂ ਚੁਪ-ਚਾਪ ਲਾਹੌਰ ਸਾਡੇ ਹਵਾਲੇ ਕਰ ਦੇਹ, ਨਹੀਂ ਤਾਂ ਲੜਾਈ ਲਈ ਮੈਦਾਨ ਵਿਚ ਨਿੱਤਰ ਆ, ਫੈਸਲਾ ਤੇਗ਼ ਨਾਲ ਹੋਵੇਗਾ।

ਦਾਦਨ ਖਾਂ ਵਿਚ ਏਨਾ ਦਮ ਕਿਥੇ ਸੀ ਕਿ ਖਾਲਸੇ ਨਾਲ ਅੜਦਾ। ਲਾਹੌਰ ਦੇ ਪਤਵੰਤਿਆਂ ਨੂੰ ਸੱਦ ਕੇ ਉਨ੍ਹਾਂ ਦੀ ਸਲਾਹ ਪੁੱਛੀ ਕਿ ਕੀ ਕਰਨਾ ਚਾਹੀਦਾ ਹੈ। ਇਨ੍ਹਾਂ ਸੱਜਣਾਂ, ਜਿਨ੍ਹਾਂ ਵਿਚ ਮੀਆਂ ਮੁਹੰਮਦ ਆਸ਼ਿਕ, ਮੀਰ ਨਥੂ ਸ਼ਾਹ, ਹਾਫ਼ਿਜ਼ ਕਾਦਿਰ ਬਖ਼ਸ਼ ਤਾਜਰ, ਦੀਵਾਨ ਸੂਰਤ ਸਿੰਘ ਦਾ ਪੋਤਾ ਲਾਲਾ ਮਹਾਰਾਜ ਸਿੰਘ ਆਦਿ ਸ਼ਾਮਲ ਸਨ, ਨੇ ਇਕ-ਜ਼ਬਾਨ ਹੋ ਕੇ ਸਲਾਹ ਦਿਤੀ ਕਿ ਪਰਜਾ ਸਿੰਘਾਂ ਦੇ ਰਾਜ ਪ੍ਰਬੰਧ ਤੇ ਚੰਗੇ ਸਲੂਕ ਤੋਂ ਬੜੀ ਰਾਜ਼ੀ ਤੇ ਖੁਸ਼ ਹੈ। ਸਾਰੇ ਲੋਕ ਦਿਲੋਂ ਸਿੰਘਾਂ ਦੀ ਹਕੂਕਤ ਚਾਹੁੰਦੇ ਹਨ। ਤੂੰ ਸਿੰਘਾਂ ਨਾਲ ਟੱਕਰ ਨਹੀਂ ਲੈ ਸਕਦਾ। ਉਨ੍ਹਾਂ ਕਬਜ਼ਾ ਤਾਂ ਹਰ ਹਾਲਤ ਵਿਚ ਕਰ ਲੈਣਾ ਹੈ। ਤੇਰੀ ਕਿਸੇ ਸਹਾਇਤਾ ਨਹੀਂ ਕਰਨੀ। ਐਵੇਂ ਕੋਈ ਰੋਕ ਪਾ ਕੇ ਆਪਣੀ ਮੌਤ ਨਾ ਸਹੇੜ ਲਵੀਂ। ਨਾਲ ਹੀ ਸ਼ਹਿਰ ਵੀ ਅਜਾਈਂ ਬਰਬਾਦ ਹੋ ਜਾਵੇਗਾ। ਭਲਾ ਏਸੇ ਵਿਚ ਹੈ ਕਿ ਚੁਪ-ਚਾਪ ਈਨ ਮੰਨ ਲੈ। ਅਸੀਂ ਸਿੰਘਾਂ ਨਾਲ ਤੇਰੀ ਮੁਲਾਕਾਤ ਕਰਾ ਕੇ ਤੇਰੇ ਗੁਜ਼ਾਰੇ ਲਈ ਪਰਬੰਧ ਕਰਾ ਦੇਂਦੇ ਹਾਂ। ਦਾਦਨ ਖਾਂ ਅਗੇ ਹੀ ਇਹੋ ਕੁਝ ਭਾਲਦਾ ਸੀ। ਜਦ ਉਹ ਸ਼ਹਿਰ ਦੇ ਪਤਵੰਤਿਆਂ ਨੂੰ ਨਾਲ ਲੈ ਕੇ ਸਿੰਘਾਂ ਨਾਲ ਮੁਲਾਕਾਤ ਲਈ ਸ਼ਾਹੀ ਬਾਗ ਪਹੁੰਚਿਆ ਤਾਂ ਸਿੰਘਾਂ ਨੇ ਉਸ ਦਾ ਤੇ ਸ਼ਹਿਰ ਦੇ

---

* ਤਹਿਮਾਸਖਾਨ, ਤਜ਼ਕਰਾ-ਏ-ਤਹਿਮਾਸ ਖਾਨ ਮਸਕੀਨ, ਸਫਾ 121 ਏ-ਬੀ, ਰਾਉ ਵਾਲਾ ਅੰਗਰੇਜ਼ੀ ਤਰਜਮਾ ਸਫਾ 116.
ਸਯਦ ਨੂਰੁੱਦੀਨ ਹੁਸੈਨਖਾਨ–ਅਹਿਵਾਲ-ਏ-ਨਜੀਬੁੱਦੌਲਾ ਸਫਾ 111-12.
ਸਰ ਜਾਦੂਨਾਥ ਸਰਕਾਰ, ਦੀ ਫ਼ਾਲ ਆਫ਼ ਦੀ ਮੁਗ਼ਲ ਐਂਪਾਇਰ–ii, ਸਫਾ 498-99



www.AKJ.Org

ਮੁਖੀਆਂ ਦਾ ਬੜਾ ਨਿੱਘਾ ਸੁਆਗਤ ਕੀਤਾ ਤੇ ਉਨ੍ਹਾਂ ਦਾ ਬਹੁਤ ਆਦਰ ਮਾਨ ਕੀਤਾ। ਦਾਦਨ ਖਾਂ ਨੇ ਉਨ੍ਹਾਂ ਦੀ ਈਨ ਮੰਨ ਲਈ ਤੇ ਕਿਲ੍ਹੇ ਅਤੇ ਖ਼ਜ਼ਾਨੇ ਦੀਆਂ ਕੁੰਜੀਆਂ ਉਨ੍ਹਾਂ ਦੇ ਹਵਾਲੇ ਕਰ ਦਿਤੀਆਂ। ਤਿੰਨੇ ਸਰਦਾਰ ਇਕ-ਸਲਾਹ ਹੋ ਕੇ ਸ਼ਹਿਰ ਵਿਚ ਦਾਖ਼ਲ ਹੋਏ ਤੇ ਮੁੜ ਸ: ਲਹਿਣਾ ਸਿੰਘ, ਸ: ਗੁਜਰ ਸਿੰਘ ਤੇ ਸ: ਸੋਭਾ ਸਿੰਘ ਦਾ ਪੰਜਾਬ ਦੀ ਰਾਜਧਾਨੀ ਲਾਹੌਰ ਉਤੇ ਕਬਜ਼ਾ ਹੋ ਗਿਆ। ਦਾਦਨ ਖਾਂ ਦੀ 20 ਰੁਪਏ ਰੋਜ਼ਾਨਾ ਦੀ ਪੈਨਸ਼ਨ ਲਾ ਕੇ ਉਸ ਦੇ ਗੁਜ਼ਾਰੇ ਦਾ ਚੰਗਾ ਪਰਬੰਧ ਕਰ ਦਿਤਾ। ਰਹਿਮਤ ਖਾਂ ਰੁਹੇਲਾ ਆਪਣੇ ਇਲਾਕੇ ਨੂੰ ਵਾਪਸ ਮੁੜ ਗਿਆ।†

**ਸਿੰਘਾਂ ਨੇ ਚੜ੍ਹਦੇ, ਲਹਿੰਦ, ਉੱਤਰ, ਦੱਖਣ ਤੇ ਮਧ ਪੰਜਾਬ ਵਿਚ ਆਪਣੀਆਂ ਮੱਲਾਂ ਦੀਆਂ ਹੱਦਾਂ ਨੂੰ ਹੋਰ ਵਧਾਇਆ :-**

ਹੁਣ ਸਿੰਘ ਸਰਦਾਰਾਂ ਨੇ ਆਪਣੀਆਂ ਮਲਾਂ ਦੀਆਂ ਹੱਦਾਂ ਹੋਰ ਵਧਾਉਣੀਆਂ ਸ਼ੁਰੂ ਕੀਤੀਆਂ। ਸ: ਗੁਜਰ ਸਿੰਘ ਨੇ ਗੁਜਰਾਤ ਦੇ ਨਵਾਬ ਮਕਰਬ ਖਾਂ ਗਖੜ ਨੂੰ 1765 ਈ: ਵਿਚ ਲੜਾਈ ਵਿਚ ਮਾਰ ਦਿਤਾ ਸੀ ਤੇ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾਇਆ ਸੀ। ਹੁਣਹ ਕੋਸਤਾਨ ਨਮਕ (ਲੂਣ ਦਾ ਪਹਾੜ) ਤੇ ਰਾਵਲਪਿੰਡੀ ਦਿਆਂ ਗਖੜਾਂ, ਜੰਜੂਇਆਂ ਤੇ ਅਵਾਨਾਂ ਨੂੰ, ਜੋ ਬੜੇ ਜੰਗਜੂ ਤੇ ਸਰਕਸ਼ ਸਨ, ਚੰਗੀ ਤਰ੍ਹਾਂ ਨਿਵਾਂ ਕੇ ਆਪਣੇ ਅਧੀਨ ਕਰ ਲਿਆ। ਇਨ੍ਹਾਂ ਇਲਾਕਿਆਂ ਦੇ ਪਰਬੰਧ ਲਈ ਮਿਲਖਾ ਸਿੰਘ ਥੇਹਪੁਰੀਏ ਨੂੰ ਨਿਯੁਕਤ ਕੀਤਾ, ਜਿਸ ਨੇ ਰਾਵਲਪਿੰਡੀ ਨੂੰ ਆਪਣਾ ਸਦਰ ਮੁਕਾਮ ਬਣਾ ਕੇ, ਇਸ ਇਲਾਕੇ ਦਾ ਚੰਗਾ ਪਰਬੰਧ ਕੀਤਾ। ਹਜ਼ਾਰੇ ਦੇ ਲੜਾਕੂ ਕਬੀਲੇ ਵੀ ਉਸ ਦੇ ਅਧੀਨ ਹੋ ਗਏ।

ਦੂਜੀ ਤਰਫ ਜਮਨਾ ਵਾਲੇ ਪਾਸੇ ਭਾਈ ਗੁਰਬਖਸ਼ ਸਿੰਘ ਦੇ ਪੁੱਤਰ ਭਾਈ ਦੇਸੂ ਸਿੰਘ ਪਾਸ ਕੁਲਾਰਾਂ ਵਿਚ ਥੋੜੇ ਜਿਹੇ ਪਿੰਡ ਸਨ। ਉਸ ਨੇ ਵੀ ਹੱਥ ਮਾਰਨੇ ਸ਼ੁਰੂ ਕਰ ਦਿਤੇ। ਭਾਈ ਦੇਸੂ ਸਿੰਘ ਭੁਚੋਕੀ ਤੋਂ ਆਪਣੀ ਫੌਜ ਲੈ ਕੇ ਕੈਥਲ ਨੂੰ ਮਾਰਨ ਲਈ ਚੜ੍ਹ ਆਇਆ। ਕੈਥਲ ਉਤੇ ਇਸ ਵੇਲੇ ਦੋ ਭਰਾਵਾਂ ਭੀਕ ਬਖ਼ਸ਼ ਤੇ ਨਿਆਮਤ ਖਾਂ ਦਾ ਕਬਜ਼ਾ ਸੀ। ਭਾਈ ਦੇਸੂ ਸਿੰਘ ਨੇ ਕਟਾਣੇ ਤੋਂ ਹੋਰ ਸਹਾਇਤਾ ਤੇ ਯੁਧ-ਸਾਮੱਗਰੀ ਇਕੱਠੀ ਕੀਤੀ ਤੇ ਹੱਲਾ ਕਰ ਕੇ ਕੈਥਲ ਨੂੰ ਸਹਿਜੇ ਹੀ ਮਾਰ ਲਿਆ। ਭੀਕ ਬਖਸ਼ ਮੈਦਾਨ ਵਿਚੋਂ ਨੱਸ ਗਿਆ ਤੇ ਰੁਲ-ਖੁਲ ਕੇ ਮਰ ਗਿਆ। ਨਿਆਮਤ ਖਾਂ ਫੜਿਆ ਗਿਆ। ਪਰ ਭਾਈ ਦੇਸੂ ਸਿੰਘ ਨੇ ਉਸ ਦਾ ਸਤਿਕਾਰ ਕੀਤਾ ਤੇ ਕੁਝ ਕੁ ਪਿੰਡ ਗੁਜ਼ਾਰੇ ਵਜੋਂ ਉਸ ਨੂੰ ਜਾਗੀਰ ਵਿਚ ਦੇ ਦਿਤੇ।‡

ਸ: ਬੁਧ ਸਿੰਘ ਸਿੰਘਪੁਰੀਏ ਨੇ ਸ਼ੇਖ ਨਿਜ਼ਾਮੁੱਦੀਨ ਜਲੰਧਰੀਏ ਨੂੰ ਹਰਾ ਕੇ ਜਲੰਧਰ, ਬੁਲੰਦਗੜ੍ਹ, ਹੈਬਤਪੁਰ, ਪੱਟੀ, ਨੂਰਪੁਰ ਅਤੇ ਬਹਿਰਾਮਪੁਰ ਦਿਆਂ ਪਰਗਣਿਆਂ ਉਤੇ ਕਬਜ਼ਾ ਕਰ ਲਿਆ। ਇਨ੍ਹਾਂ ਇਲਾਕਿਆਂ ਤੋਂ ਤਿੰਨ ਲਖ ਦੀ ਸਾਲਾਨਾ ਆਮਦਨ ਸੀ।*

ਸੰਨ 1768 ਈਸਵੀ ਤਕ ਸਿੰਘਾਂ ਲਗ ਪਗ ਸਾਰੇ ਹੀ ਪੰਜਾਬ ਉਤੇ ਕਬਜ਼ਾ ਕਰ ਲਿਆ ਸੀ। ਇਨ੍ਹਾਂ ਦੀ ਚੜ੍ਹਦੇ ਵਿਚ ਹੱਦ ਜਮਨਾ ਦੇ ਸੱਜੇ ਕੰਢੇ ਦੇ ਨਾਲ ਬੂੜੀਆਂ ਤੋਂ ਕਰਨਾਲ ਤਕ, ਪੱਛਮ ਵਿਚ ਅਟਕ ਤੋਂ ਲੈ ਕੇ ਭੱਕਰ ਤਕ ਚਲੀ ਗਈ ਸੀ। ਦਖਣ ਵਿਚ ਮੁਲਤਾਨ ਅਤੇ ਸਿੰਧ ਤਕ ਜਾ ਅੱਪੜੀ ਸੀ। ਉਤਰ ਵਾਲੇ ਪਾਸੇ ਇਨ੍ਹਾਂ ਕਬਜ਼ਿਆਂ ਦੀ ਹੱਦ ਸ਼ਵਾਲਿਕ ਦੀਆਂ ਪਹਾੜੀਆਂ ਦੇ ਨਾਲ ਨਾਲ ਹੋ ਕੇ ਕਾਂਗੜਾ, ਜੰਮੂ ਤੇ ਭਿੰਬਰ ਦੀਆਂ ਹੱਦਾਂ ਜਾ ਛੁੰਹਦੀ ਸੀ। ਸਰਹਿੰਦ ਦੇ ਇਲਾਕੇ ਦੇ ਕਬਜ਼ੇ ਨੂੰ ਸਿੰਘਾਂ ਨਹੀਂ ਛੇੜਿਆ। ਇਹ ਮਹਾਰਾਜਾ ਅਮਰ ਸਿੰਘ ਪਾਸ ਹੀ ਰਹਿਣ ਦਿਤਾ ਗਿਆ। ਉਂਜ ਭਾਵੇਂ ਅਮਰ ਸਿੰਘ ਸਿੰਘ,ਨਾਲ ਇਸ ਗੱਲੋਂ ਨਰਾਜ਼ ਸਨ ਕਿ ਉਸ ਨੇ ਦੁਰਾਨੀ

†ਮੁਫ਼ਤੀ ਅਲੀਉੱਦੀਨ, ਇਬਰਤਨਾਮਾ, ਸਫ਼ਾ 130ਬੀ, 144ਬੀ।
‡ਕਰਨਾਲ ਗਜ਼ਟੀਅਰ, ਸਫ਼ਾ 88।
*ਗਿਆਨੀ ਗਿਆਨ ਸਿੰਘ, ਰਾਜ ਖਾਲਸਾ, ਸਫ਼ਾ 48



www.AKJ.Org

ਦੀ ਈਨ ਕਿਉਂ ਮੰਨੀ ਤੇ ਇਹ ਖ਼ਿਤਾਬ ਆਦਿ ਕਿਉਂ ਲਿਆ, ਕਿਉਂ ਏਨੀ ਕਮਜ਼ੋਰੀ ਵਿਖਾਈ। ਇਸ ਤੋਂ ਪਹਿਲਾਂ ਮਹਾਰਾਜਾ ਆਲਾ ਸਿੰਘ 1765 ਈ: ਵਿਚ ਅਹਿਮਦਸ਼ਾਹ ਨੂੰ ਨਿਉਂ ਕੇ ਮਿਲੇ ਸਨ, ਤੇ ਰਾਜਗੀ ਦੀਆਂ ਨਿਸ਼ਾਨੀਆਂ ਧੌਂਸਾ ਤੇ ਨਿਸ਼ਾਨ, ਸ਼ਾਹ ਪਾਸੋਂ ਪਰਵਾਨ ਕਰ ਲਏ ਸਨ। ਉਸ ਦੀ ਈਨ ਮੰਨ ਲਈ ਸੀ। ਸਿੰਘਾਂ ਨਰਾਜ਼ ਹੋ ਕੇ ਪਟਿਆਲੇ ਉਤੇ ਚੜ੍ਹਾਈ ਕਰ ਦਿਤੀ ਸੀ। ਉਂਜ ਭਾਵੇਂ ਸ: ਜੱਸਾ ਸਿੰਘ ਨੇ ਵਿੱਚ ਪੈ ਕੇ ਮੇਲ ਕਰਾ ਦਿਤਾ ਸੀ, ਪਰ ਪਹਿਲੀ ਝੜਪ ਵਿਚ ਦਲ ਖਾਲਸਾ ਦਾ ਉਘਾ ਜਰਨੈਲ ਸ: ਹਰੀ ਸਿੰਘ ਭੰਗੀ ਮਾਰਿਆ ਗਿਆ ਸੀ, ਜਿਸ ਨਾਲ ਪੰਥ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਸੀ। ਹੁਣ ਅਮਰ ਸਿੰਘ ਨੇ ਉਹੋ ਗੱਲ ਦੁਹਰਾਈ ਸੀ ਤੇ ਸਿੰਘ ਨਰਾਜ਼ ਸਨ, ਅਤੇ ਹਾਲਾਤ ਵਿਗੜਦੇ ਜਾਂਦੇ ਸਨ। ਸਿੰਘ ਕਹਿੰਦੇ ਸਨ, ਜਦ ਇਹ ਅਹਿਮਦਸ਼ਾਹ ਦਾ ਅਨੁਸਾਰੀ ਬਣ ਗਿਆ ਹੈ ਤਾਂ ਫਿਰ ਸਾਡਾ ਕੀ ਲਗਦਾ ਹੈ। ਕਿਉਂ ਨਾ ਇਸ ਦਾ ਵੀ ਡੰਡਾ ਡੁਕ ਦਿਤਾ ਜਾਵੇ ? 1767 ਈ: ਦੀ ਗਰਮੀ ਦੀ ਰੁਤੇ ਜਦ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਬਘੇਲ ਸਿੰਘ ਕਰੋੜਾ-ਸਿੰਘੀਆ ਮਾਲਵੇ ਦੇਸ ਵਿਚ ਵਿਚਰਦੇ ਹੋਏ ਪਟਿਆਲੇ ਆਏ ਤਾਂ ਅਮਰ ਸਿੰਘ ਬਾਹਰ ਗਿਆ ਹੋਇਆ ਸੀ ਤੇ ਪਟਿਆਲਾ ਸੁੰਞਾ ਹੀ ਪਿਆ ਸੀ। ਸ: ਬਘੇਲ ਸਿੰਘ ਨੇ ਰਾਏ ਦਿਤੀ ਕਿ ਮੌਕਾ ਬੜਾ ਸੋਹਣਾ ਮਿਲ ਗਿਆ ਹੈ, ਪਟਿਆਲੇ ਉਤੇ ਕਬਜ਼ਾ ਕਰ ਲਿਆ ਜਾਵੇ। ਸ: ਜੱਸਾ ਸਿੰਘ ਨੇ ਕਿਹਾ ਕਿ "ਨਹੀਂ", ਅਸਾਂ ਪਟਿਆਲੇ ਨੂੰ ਨਹੀਂ ਛੇੜਨਾ। ਆਪਣਾ ਵੱਡਾ ਵੈਰੀ ਅਹਿਮਦਸ਼ਾਹ ਹੈ। ਵਾਹਿਗੁਰੂ ਦੀ ਕਿਰਪਾ ਨਾਲ ਉਸਨੂੰ ਹਿੰਦੁਸਤਾਨ ਵਿਚੋਂ ਕੱਢ ਛਡਿਆ ਹੈ। ਮੁਲਕ ਨੂੰ ਆਜ਼ਾਦ ਕਰਾ ਲਿਆ ਹੈ। ਹੁਣ ਤਾਕਤ ਆਪਣੇ ਹੱਥ ਵਿਚ ਹੈ, ਇਸਦੀ ਗ਼ਲਤ ਵਰਤੋਂ ਕਰਕੇ ਆਪਣਿਆਂ ਨੂੰ ਹੀ ਦੁਖ ਨਹੀਂ ਦੇਣਾ। ਫਿਰ ਪਟਿਆਲੇ ਦੇ ਘਰ ਉਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਬਖਸ਼ਿਸ਼ ਕੀਤੀ ਸੀ। ਇਨ੍ਹਾਂ ਦੇ ਵੱਡਿਆਂ ਭਾਈ ਤਲੋਕ ਤੇ ਭਾਈ ਰਾਮੇ ਨੂੰ ਆਪ ਨੇ ਦੋ ਭਾਦੋਂ ਸੰਮਤ 1763 ਬਿਕ੍ਰਮੀ ਮੁਤਾਬਕ ਦੋ ਅਗਸਤ ਸੰਨ 1696 ਈ. ਦੇ ਇਕ ਹੁਕਮਨਾਮੇ ਵਿਚ ਨਿਵਾਜਦਿਆਂ ਹੋਇਆਂ ਲਿਖਿਆ ਸੀ, "ਤੇਰਾ ਘਰ ਮੇਰਾ ਹੈ...ਤੇਰਾ ਘਰੁ ਮੇਰਾ ਅਸੈ......ਤੇਰੇ ਉਤੇ ਅਸਾਡੀ ਖਰੀ ਮਿਹਰਵਾਨਗੀ ਅਸੈ।" ਇਸ ਲਈ ਇਸ ਘਰ ਉਤੇ ਕਬਜ਼ਾ ਕਰਨਾ ਖਾਲਸੇ ਨੂੰ ਨਹੀਂ ਸ਼ੋਭਦਾ। ਇਸ ਨੂੰ ਬਖਸ਼ ਹੀ ਦਿਤਾ ਜਾਵੇ।" ਜਦ ਅਮਰ ਸਿੰਘ ਨੂੰ ਇਸ ਗੱਲ ਦਾ ਪਤਾ ਲੱਗਾ ਕਿ ਸ: ਜੱਸਾ ਸਿੰਘ ਨੇ ਦੂਸਰੀ ਵਾਰ ਫਿਰ ਕਿਡੀ ਵੱਡੀ ਬਿਪਤਾ ਪਟਿਆਲਾ ਰਾਜ ਦੇ ਸਿਰੋਂ ਟਾਲੀ ਹੈ ਤਾਂ ਉਹ ਸ: ਜਸਾ ਸਿੰਘ ਦਾ ਬੜਾ ਅਹਿਸਾਨਮੰਦ ਹੋਇਆ। ਆਪਣੇ ਦਿਲੀ ਸ਼ੁਕਰਾਨੇ ਵਜੋਂ ਈਸੜੂ ਪਰਗਣਾ ਸ: ਜੱਸਾ ਸਿੰਘ ਆਹਲੂਵਾਲੀਏ ਨੂੰ ਨਜ਼ਰ ਕਰ ਦਿਤਾ ਤੇ ਖਾਲਸਾ ਜੀ ਦਾ ਵੀ ਕੋਟ ਕੋਟ ਧੰਨਵਾਦ ਕੀਤਾ।*

ਇਹ ਅਹਿਮਦ ਸ਼ਾਹ ਦੇ ਅਠਵੇਂ ਹੱਲੇ ਦਾ ਅੰਤ ਹੈ, ਜਿਸ ਵਿਚ ਅਹਿਮਦਸ਼ਾਹ ਬੁਰੀ ਤਰ੍ਹਾਂ ਨਾਕਾਮਯਾਬ ਰਿਹਾ ਤੇ ਬੁਰੀ ਤਰ੍ਹਾਂ ਮਾਯੂਸ ਹੋ ਕੇ ਮੁੜਿਆ। ਆਇਆ ਤਾਂ ਸਿਖਾਂ ਨੂੰ ਮਾਰ ਮੁਕਾ ਦੇਣ ਲਈ ਸੀ, ਪਰ ਹੋਇਆ ਇਹ ਕਿ ਆਪ ਮਸਾਂ ਬਚ ਕੇ ਗਿਆ, ਤੇ ਪੰਜਾਬ ਦਾ ਰਾਜ ਵੀ ਸਿਖਾਂ ਪਾਸੋਂ ਖੁਹਾ ਬੈਠਾ। ਭਾਵੇਂ ਇਸ ਤੋਂ ਪਿਛੋਂ ਵੀ ਉਸਨੇ ਪੰਜਾਬ ਉਤੇ ਆਪਣਾ ਅਧਿਕਾਰ ਕਾਇਮ ਕਰਨ ਲਈ ਯਤਨ ਕੀਤੇ, ਪਰ ਫਿਰ ਕਾਮਯਾਬੀ ਨਸੀਬ ਨਾ ਹੋਈ। ਅਸਲ ਵਿਚ ਇਹ ਅਠਵਾਂ ਹਲਾ ਹੀ ਉਸਦਾ ਅੰਤਮ ਹੱਲਾ ਸਮਝਿਆ ਜਾਂਦਾ ਹੈ।

---

* ਤਾਰੀਖ਼-ਏ-ਪਟਿਆਲਾ, ਸਫ਼ਾ 74-75

ਨੋਟ—ਪਰਚੇ ਵਿਚ ਥਾਂ ਦੀ ਤੰਗੀ ਹੋ ਜਾਣ ਕਰਕੇ, ਇਸ ਆਖਰੀ ਕਿਸ਼ਤ ਦਾ ਸਾਰ-ਸਿੱਟਾ ਢਾਈ ਸਫ਼ੇ ਆਉਂਦੇ ਪਰਚੇ ਵਿਚ ਦਿਤੇ ਜਾਣਗੇ।

ਦਾਸਰਾ—ਸੰਪਾਦਕ

---

## ਊਧਮਪੁਰ (ਜੰਮੂ) ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਭਾਈ ਜਗਜੀਤ ਸਿੰਘ, ਚੋਪੜਾ ਸ਼ਾਪ, ਊਧਮਪੁਰ ਦੇ ਗ੍ਰਿਹ ਵਿਖੇ ੧੦ ਮਾਰਚ ਬੁਧਵਾਰ ਸਵੇਰੇ ਪੰਜ ਵਜੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਆਸਾ ਦੀ ਵਾਰ ਅਤੇ ਅਖੰਡ ਕੀਰਤਨ ਦੁਪਹਿਰ ਤਕ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

www.AKJ.Org

# ਪੂਰਬ ਜਨਮ ਕੇ ਮਿਲੇ ਸੰਜੋਗੀ (੨)

[ਵਲੋਂ—ਪ੍ਰੋਫੈਸਰ ਠਾਕਰ ਸਿੰਘ ਜੀ, ਅੰਮ੍ਰਿਤਸਰ]

## ਭਾ: ਸਾ: ਰਣਧੀਰ ਸਿੰਘ ਜੀ ਨਾਲ ਪਹਿਲੀ ਮਿਲਣੀ–

[ਨੋਟ:–ਪਿਛੇ ਦਸਿਆ ਗਿਆ ਹੈ ਕਿ ਕਰਨਲ ਪਿਆਰਾ ਸਿੰਘ ਜੀ ਦੇ ਸਤਸੰਗ ਪਿਛੋਂ, ਉਨ੍ਹਾਂ ਦੇ ਪ੍ਰੇਰਨਾ ਨਾਲ, ਸ੍ਰੀ ਬਾਊ ਮੱਲ ਸਿੰਘ ਜੀ ਨੇ ਉਨ੍ਹਾਂ ਦੇ ਪਿੰਡ ਮਹਿਲੋਂਵਾਲ ਵਿਚ ਜਾ ਕੇ ਗੁਰਮੁਖ ਪਿਆਰਿਆਂ ਦੇ ਪੁੰਜ, ਪੰਜਾਂ ਪਿਆਰਿਆਂ ਤੋਂ ਅੰਮ੍ਰਿਤ ਪਾਨ ਕਰ ਲਿਆ ਅਤੇ ਖੂਬ ਰੰਗਾਂ ਵਿਚ ਵਿਚਰਨ ਲਗੇ।]

ਨਾਲ ਲਗਦੇ ਹੀ ਬੀਬੀ ਨਿਹਾਲ ਕੌਰ ਅਤੇ ਬਾਕੀ ਬੱਚਿਆਂ ਨੂੰ ਅੰਮ੍ਰਿਤ ਛਕਾਉਣਾ ਜ਼ਰੂਰੀ ਸੀ। ਇਸ ਲਈ ਬਾਊ ਮੱਲ ਸਿੰਘ ਜੀ ਸ: ਪਿਆਰਾ ਸਿੰਘ ਜੀ ਦੀ ਸਲਾਹ ਨਾਲ, ਸਣੇ ਪਰਵਾਰ ਪੰਚ ਖਾਲਸਾ ਦੀਵਾਨ ਭਸੌੜ (ਸੰਗਰੂਰ) ਦੇ ਮੁਖ ਸੰਚਾਲਕ ਬਾਊ ਤੇਜਾ ਸਿੰਘ ਜੀ ਪਾਸ ਪਹੁੰਚੇ। ਓਦੋਂ ਇਹ ਅਸਥਾਨ ਤੱਤ ਖਾਲਸਈ ਪੁਨਰ-ਵਿਕਾਸ ਦਾ ਗੜ੍ਹ ਮੰਨਿਆ ਜਾਂਦਾ ਸੀ। ਇਥੇ ਪੰਥਕ ਦੀਵਾਨ ਸਜਦੇ ਰਹਿੰਦੇ ਸਨ। ਭਾਈ ਸਾਹਿਬ ਰਣਧੀਰ ਸਿੰਘ ਜੀ ਭੀ ਬਾਊ ਤੇਜਾ ਜੀ ਦੇ ਨਾਲ ਹੀ ਮੋਢੀ ਸੰਚਾਲਕਾਂ ਵਿਚੋਂ ਸਨ। ਪਿਛੋਂ ਗੁਰਮਤਿ ਅਸੂਲੀ ਮਤਭੇਦ ਹੋ ਜਾਣ ਕਾਰਨ ਅੱਡ ਹੋ ਗਏ, ਪਰ ਤੱਤ ਗੁਰਮਤਿ ਦੀ ਅਲੋਪ ਹੁੰਦੀ ਜਾ ਰਹੀ ਕਰਾਂਤੀਕਾਰੀ ਖਾਲਸਈ ਰਹਿਤ-ਰਹਿਣੀ ਦਾ ਮੁੱਢ ਭਾਈ ਸਾਹਿਬ ਦੁਆਰਾ ਪੰਚ ਖਾਲਸਾ ਦੀਵਾਨ ਭਸੌੜ ਤੋਂ ਹੀ ਬੱਝਾ ਸੀ।

ਜਿਸ ਦਿਨ ਸ੍ਰੀ ਬਾਊ ਜੀ ਭਸੌੜ ਪੁਜੇ, ਦੇਵਨੇਤ ਨਾਲ ਉਸੇ ਸ਼ਾਮ ਨੂੰ ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਵੀ ਉਥੇ ਪੁਜੇ ਹੋਏ ਸਨ। ਰਾਤ ਨੂੰ ਇਕ ਵਡੇ ਕਮਰੇ ਵਿਚ ਅਰਾਮ ਕਰਨ ਲਈ ਇਕ ਨੁਕਰੇ ਬਾਊ ਜੀ ਪਰਵਾਰ ਸਣੇ ਟਿਕੇ ਹੋਏ ਸਨ ਤੇ ਦੂਜੀ ਨੁਕਰੇ ਭਾਈ ਸਾਹਿਬ ਦਾ ਆਸਣ ਸੀ। ਅੰਮ੍ਰਿਤ ਵੇਲੇ "ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ"* ਦੇ ਗੁਰਵਾਕ ਅਨੁਸਾਰ ਸ੍ਰੀ ਬਾਊ ਜੀ ਸੌਚ ਇਸ਼ਨਾਨ ਪਿਛੋਂ ਸਿਮਰਨ ਵਿਚ ਜੁੱਟ ਗਏ। ਸ੍ਰੀ ਮਾਨ ਭਾਈ ਸਾਹਿਬ ਨੇ ਭੀ ਇਸ਼ਨਾਨ ਸੋਧ ਲਿਆ ਸ਼ੀ। ਉਨ੍ਹਾਂ ਨੇ ਆਪਣੇ ਆਸਣ ਤੇ ਬੈਠਿਆਂ ਦੂਰ ਤੋਂ ਸੁਣਿਆ ਕਿ ਕੋਈ ਸਿੰਘ ਦੂਜੀ ਨੁਕਰੇ ਜ਼ੋਰੋ ਜ਼ੋਰ ਨਾਮ-ਅਭਿਆਸ-ਖੰਡਾ ਖੜਕਾ ਰਹੇ ਹਨ। ਆਪ ਜੀ ਆਪਣੇ ਬਿਸਤਰੇ ਤੋਂ ਉਠੇ ਤੇ ਮਲਕੜ ਜਿਹੇ ਬਾਊ ਜੀ ਕੋਲ ਜਾ ਕੇ ਘੁਟ ਕੇ ਜਫੀ ਪਾ ਲਈ ਤੇ ਬੋਲੇ "ਪੂਰਬ ਜਨਮ ਕੇ ਮਿਲੇ ਸੰਜੋਗੀ"; ਮੇਰੇ ਪਿਛਲੇ ਜਨਮ ਦੇ ਵਿਛੜੇ ਗੁਰਮੁਖ ਪਿਆਰੇ, ਅੱਜ ਆ ਮਿਲੇ ਹੋ। ਬਾਊ ਜੀ ਨੇ ਵੀ ਉਨ੍ਹਾਂ ਨੂੰ ਘੁਟ ਕੇ ਜਫੀ ਵਿਚ ਲੈ ਲਿਆ ਤੇ ਕਾਫ਼ੀ ਚਿਰ ਇਸੇ ਦਸ਼ਾ ਵਿਚ ਦੋਵੇਂ ਜੁਟੇ ਰਹੇ ਅਤੇ ਨਾਮ ਦਾ ਖੰਡਾ ਖੂਬ ਖੜਕਿਆ। ਫਿਰ ਉਸੇ ਆਸਣ ਤੇ ਬੈਠੇ ਦੋਵੇਂ ਸਿਮਰਨ ਕਰਦੇ ਰਹੇ। ਉਥੇ ਹੀ ਨਿਤਨੇਮ ਕੀਤਾ। ਫਿਰ ਭਾਈ ਸਾਹਿਬ ਬਾਊ ਜੀ ਨੂੰ ਕਹਿਣ ਲਗੇ, "ਤੂੰ ਹੁਣ ਤਕ ਕਿਥੇ ਲੁਕਿਆ ਰਿਹਾ ਹੈਂ ? ਸਾਨੂੰ ਤੇਰੇ ਜਿਹਾ ਲਭਾ ਕੋਈ ਨਹੀਂ। ਤੂੰ ਸਾਡੇ ਨਾਲ ਹੀ ਚਲ।" ਭਾਈ ਸਾਹਿਬ ਨਾਲ ਬਾਊ ਜੀ ਦਾ ਇਹ ਪਹਿਲਾ ਹੀ ਮੇਲ ਸੀ, ਜੋ ਅੰਤਲੇ ਸੁਆਸਾਂ ਤਕ ਤੋੜ ਨਿਭਿਆ, ਅਤੇ ਅਗਲੀ ਦਰਗਾਹ ਵਿਚ ਵੀ ਇਹ ਮੇਲ ਅਵੱਸ਼ ਹੀ ਕਾਇਮ ਰਹੇਗਾ।

ਸ੍ਰੀ ਬਾਊ ਜੀ ਆਪਣੇ ਪਰਵਾਰ ਨੂੰ ਅੰਮ੍ਰਿਤ ਛਕਾਉਣ ਲਈ ਕਕਾਰ ਸਜਾ ਕੇ ਪੂਰੀ ਤਰ੍ਹਾਂ ਤਿਆਰ ਕਰ ਕੇ ਸਵੇਰੇ ਹੀ ਗੁਰਦੁਆਰੇ ਦੀਵਾਨ ਵਿਚ ਲੈ ਗਏ। ਬਾਊ ਤੇਜਾ ਸਿੰਘ ਜੀ ਅੰਮ੍ਰਿਤ-ਸਿੰਚਾਰ ਦਾ ਪਰਬੰਧ ਕਰ ਰਹੇ ਸਨ। ਦੇਗ ਆ ਗਈ। ਸ੍ਰੀ ਮਾਨ ਭਾਈ ਸਾਹਿਬ ਵੀ ਦੀਵਾਨ ਵਿਚ ਪੁਜ ਗਏ। ਬਾਊ ਤੇਜਾ ਸਿੰਘ ਜੀ ਨੇ ਸ੍ਰੀ ਭਾਈ ਸਾਹਿਬ ਨੂੰ ਬਿਨੈ ਕੀਤੀ ਕਿ ਪੰਜਾਂ ਪਿਆਰਿਆਂ ਦੀ ਸੇਵਾ ਵਿਚ ਸ਼ਾਮਲ ਹੋਣ। ਅਗੋਂ ਆਪ ਜੀ ਨੇ

---

*ਵਾਰ ਮਾਝ; ਸਲੋਕ ਮ: ੨, ਪੰਨਾ ੧੪੬



www.AKJ.Org

ਜੁਆਬ ਦਿਤਾ, "ਬਾਊ ਤੇਜਾ ਸਿੰਘ ! ਤੁਸੀਂ ਇਸ ਪਰਵਾਰ ਦੇ ਅੰਮ੍ਰਿਤ ਛਕਾਉਣ ਦਾ ਪਰਬੰਧ ਇਥੇ ਕਰਨਾ ਚਾਹੁੰਦੇ ਹੋ ? ਜ਼ਰਾ ਇਸ ਬੀਬੀ ਦੇ ਪਤੀ ਵਲ ਤਾਂ ਨਜ਼ਰ ਮਾਰ ਕੇ ਵੇਖ ਕਿ ਕਿਤਨੀ ਗੁਰੂ ਕੀ ਬਖਸ਼ਸ਼ ਹੈ ਅਤੇ ਕਿਹੜੇ ਆਤਮ-ਰੰਗਾਂ ਵਿਚ ਖੇਲ ਰਹੇ ਹਨ। ਇਹ ਸਾਡੇ ਪਿਆਰੇ ਮਿੱਤਰ, ਗੁਰੂ ਪਿਆਰੇ, ਸਾਨੂੰ ਮਿਲ ਗਏ ਹਨ। ਇਨ੍ਹਾਂ ਦੀ ਜ਼ਿਮੇਵਾਰੀ ਸਤਿਗੁਰੂ ਜੀ ਸਾਨੂੰ ਦੇ ਰਹੇ ਹਨ। ਇਹ ਸਮਾਗਮ ਇਥੇ ਨਹੀਂ ਹੋਵੇਗਾ। ਅਸੀਂ ਇਨ੍ਹਾਂ ਨੂੰ ਨਾਰੰਗਵਾਲ ਆਪਣੇ ਨਾਲ ਲਿਜਾ ਰਹੇ ਹਾਂ ਅਤੇ ਉਚੀ ਨਾਮ-ਕਮਾਈ ਵਾਲੇ ਨਾਮ-ਰਸੀਏ ਪੰਜ ਪਿਆਰੇ ਇਕੱਤਰ ਕਰ ਕੇ ਇਸ ਪਰਵਾਰ ਨੂੰ ਜਹਾਜ਼ੇ ਚੜ੍ਹਾਵਾਂਗੇ।" । ਬਸ, ਦੇਗ ਦੀਵਾਨ ਦੀ ਸਮਾਪਤੀ ਤੇ ਵਰਤਾ ਦਿਤੀ ਗਈ।

## ਪਰਵਾਰ ਦੇ ਅੰਮ੍ਰਿਤ ਛਕਣ ਦਾ ਸਰੰਜਾਮ—

ਬਾਊ ਜੀ ਪਰਵਾਰ ਸਮੇਤ ਭਾਈ ਸਾਹਿਬ ਦੇ ਸੰਗ ਸਾਥ ਨਾਰੰਗਵਾਲ ਨੂੰ ਚਲ ਪਏ। ਸਟੇਸ਼ਨ ਤਕ ਇਕ ਬੱਚਾ ਭਾਈ ਸਾਹਿਬ ਕੁੱਛੜ ਚੁਕੀ ਲਿਆਏ ਤੇ ਦੂਜਾ ਬਾਊ ਮੱਲ ਸਿੰਘ ਜੀ। ਗੱਡੀ ਚੜ੍ਹ ਕੇ ਨਾਰੰਗਵਾਲ ਪੁਜ ਗਏ। ਸ੍ਰੀ ਮਾਨ ਬਾਊ ਜੀ ਦੀ ਇਹ ਵੀ ਖ਼ਾਹਸ਼ ਸੀ ਕਿ ਉਨ੍ਹਾਂ ਦੇ ਰਸਾਲੇ ਦੇ ਹੈਡ ਕਲਰਕ ਸ. ਮਾਨ ਸਿੰਘ ਜੀ, ਜੋ ਬੜੇ ਗੁਰਮੁਖ ਪਿਆਰੇ ਹਨ, ਉਨ੍ਹਾਂ ਦਾ ਸਭ ਤੋਂ ਛੋਟਾ ਲੜਕਾ ਹਰਿਬਚਨ ਸਿੰਘ ਭੀ ਬਾਊ ਜੀ ਦੇ ਪਰਵਾਰ ਦੇ ਨਾਲ ਹੀ ਜਹਾਜ਼ੇ ਚੜ੍ਹੇ। ਇਹ ਨੌਜਆਨ ਭੁਜੰਗੀ ਪ੍ਰਮਾਰਥ ਵਲੋਂ ਨਿਘਰਦੀ ਕਲਾ ਵਿਚ ਜਾ ਰਿਹਾ ਸੀ। ਇਥੇ ਇਹ ਦਸਣਾ ਭੀ ਜ਼ਰੂਰੀ ਹੈ ਕਿ ਜਿਥੇ ਸ: ਮਾਨ ਸਿੰਘ ਜੀ ਦੇ ਪਰਵਾਰ ਦੇ ਸਾਰੇ ਜੀਅ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਨਿਤਾਪ੍ਰਤਿ ਜੁੜਦੇ, ਨਿਤਨੇਮ ਕਰਦੇ ਅਤੇ ਦਰਸ਼ਨਾਂ ਤੋਂ ਬਿਨਾਂ ਅਨ-ਜਲ ਤਕ ਭੀ ਪਾਨ ਨਾ ਕਰਦੇ, ਉਥੇ ਇਹ ਭੁਜੰਗੀ ਉਲਟਾ ਪਰਮਾਰਥ ਨੂੰ ਟਿਚਕਰਾਂ ਕਰਦਾ। ਸ: ਮਾਨ ਸਿੰਘ ਜੀ ਨੇ ਇਸ ਨੂੰ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ ਵਿਖੇ ਇਸ ਖ਼ਿਆਲ ਨਾਲ ਪੜ੍ਹਨੇ ਪਾਇਆ ਸੀ ਕਿ ਉਥੇ ਗੁਰਸਿਖੀ ਦੇ ਵਾਯੂ-ਮੰਡਲ ਵਿਚ ਇਹ ਬਦਲ ਜਾਏਗਾ। ਪਰ ਇਹ ਉਥੋਂ ਉਲਟਾ ਨਾਸਤਕ ਬਣ ਕੇ ਨਿਕਲਿਆ। ਸ: ਮਾਨ ਸਿੰਘ ਜੀ ਆਪਣੇ ਸਾਰੇ ਪਰਵਾਰ ਸਮੇਤ ਨਿਤਾਪ੍ਰਤਿ ਇਹ ਅਰਦਾਸਾਂ ਕਰਦੇ, 'ਹੇ ਸੱਚੇ ਪਾਤਸ਼ਾਹ, ਸਾਡੇ ਇਸ ਬੱਚੇ ਨੂੰ ਪ੍ਰਮਾਰਥ ਵਲ ਮੋੜ ਅਤੇ ਗੁਰਮਤਿ ਦਾ ਪਾਂਧੀ ਬਣਾ।" ਚੂੰਕਿ ਸ੍ਰੀ ਬਾਊ ਜੀ ਦਾ ਸ: ਮਾਨ ਸਿੰਘ ਜੀ ਨਾਲ ਗੁਰਸਿਖੀ ਦਾ ਬਹੁਤ ਪਿਆਰ ਸੀ ਅਤੇ ਉਨ੍ਹਾਂ ਦੇ ਘਰ ਆਉਣ ਜਾਣ ਤੇ ਗੂੜ੍ਹਾ ਮਿਲਾਪ ਸੀ, ਇਸ ਕਰਕੇ ਨੌਜੁਆਨ ਭੁਜੰਗੀ ਹਰਿਬਚਨ ਸਿੰਘ ਦਾ ਗੁਰਮਤੀ ਜੀਵਨ ਤੋਂ ਥਿੜਕੇ ਹੋਣਾ ਬਾਊ ਜੀ ਨੂੰ ਭੀ ਰੜਕਦਾ ਰਹਿੰਦਾ ਸੀ।

ਸੋ, ਨਾਰੰਗਵਾਲ ਫ਼ੈਸਲਾ ਇਹ ਹੋਇਆ ਕਿ ਅਗਲੇ ਹਫਤੇ ਅੰਬਾਲੇ ਛਾਉਣੀ ਗੁਰਦੁਆਰੇ ਵਿਖੇ ਸ੍ਰੀ ਅਖੰਡਪਾਠ ਸਮਾਗਮ ਰਚਿਆ ਜਾਵੇ, ਜਿਸ ਦੇ ਭੋਗ ਪੈਣ ਤੇ ਉਥੇ ਅੰਮ੍ਰਿਤ-ਸਿੰਚਾਰ ਸਮਾਗਮ ਹੋਵੇ।

ਸ੍ਰੀ ਬਾਊ ਜੀ ਪਰਵਾਰ ਸਮੇਤ ਆਪਣੇ ਰਸਾਲੇ ਵਿਚ ਅੰਬਾਲੇ ਪੁਜ ਗਏ। ਅਗਲੇ ਹਫਤੇ ਫ਼ੈਸਲੇ ਮੁਤਾਬਕ ਕਰਨਲ ਪਿਆਰਾ ਸਿੰਘ ਜੀ ਅਤੇ ਹੋਰ ਗੁਰਮੁਖ ਪਿਆਰਿਆਂ ਦੇ ਸਹਿਯੋਗ ਨਾਲ ਅੰਬਾਲੇ ਛਾਉਣੀ ਬਜ਼ਾਰ ਦੇ ਗੁਰਦੁਆਰੇ ਵਿਖੇ ਸਮਾਗਮ ਦਾ ਸਾਰਾ ਪਰਬੰਧ ਕੀਤਾ ਗਿਆ। ਸ੍ਰੀ ਮਾਨ ਭਾਈ ਸਾਹਿਬ ਜੀ ਸਾਰਾ ਜਥਾ ਲੈ ਕੇ ਵਕਤ ਸਿਰ ਪੁਜ ਗਏ। ਬਾਬਾ ਰਾਮ ਸਿੰਘ ਜੀ, ਭਾਈ ਸੁਰਜਨ ਸਿੰਘ ਜੀ, ਭਾਈ ਅਤਰ ਸਿੰਘ ਜੀ, ਗਿਆਨੀ ਦਲੀਪ ਸਿੰਘ ਜੀ, ਭਾਈ ਅਰਜਨ ਸਿੰਘ ਜੀ ਤੇ ਹੋਰ ਗੁਰਮੁਖ ਪਿਆਰੇ ਵੀ ਆ ਪੁਜੇ।

ਭਾਵੇਂ ਭੁਜੰਗੀ ਹਰਿਬਚਨ ਸਿੰਘ ਤੇ ਉਪਰਾ ਉਪਰਾ ਨਾਸਤਕ-ਪੁਣੇ ਦਾ ਰੰਗ ਚੜ੍ਹਿਆ ਹੋਇਆ ਸੀ, ਪਰ ਇਹ ਪਵਿਤਰ ਆਤਮਾ ਕਿਸੇ ਪੂਰਬਲੀ ਕਮਾਈ ਦੀ ਮਾਲਕ ਸੀ, ਜਿਸ ਦੇ ਪਰਫੁਲਤ ਹੋਣ ਦਾ ਅਵਸਰ ਹੁਣ ਆਣ ਬਣਿਆ ਸੀ। ਇਸ ਪ੍ਰਥਾਇ ਪੁਸਤਕ "ਰੰਗਲੇ ਸਜਣ" ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ "ਹੀਰਾ ਹਰਿਬਚਨ ਸਿੰਘ" ਦੇ ਪਰਸੰਗ ਵਿਚ ਲਿਖਦੇ ਹਨ—



www.AKJ.Org

"ਸ੍ਰੀ ਅਖੰਡਪਾਠ ਅਰੰਭ ਹੋਣ ਤੋਂ ਪ੍ਰਹਿਲਾਂ ਅਜਿਹਾ ਕਲਾ-ਕ੍ਰਿਸ਼ਮੀ ਕੀਰਤਨ ਹੋਇਆ, ਜਿਸ ਦੀ ਸਰੋਤ ਦਾ ਫਟਿਆ ਹੋਇਆ ਇਹ ਪੰਖਣੂ ਹੀਰਾ ਹਰਿਬਚਨ ਸਿੰਘ ਕੀਰਤਨ-ਮੰਡਲ ਤੋਂ ਬਾਹਰ ਹੀ ਚੌਕੜਾ ਮਾਰ ਬੈਠਾ।"

ਅਗੇ ਭਾਈ ਸਾਹਿਬ ਲਿਖਦੇ ਹਨ–

"ਬਸ, ਫਿਰ ਉਠਣ ਦੀ ਸੋਝੀ ਨਹੀਂ ਰਹੀ। ਨਿਰੰਕਾਰੀ, ਮੀਰ-ਸ਼ਿਕਾਰੀ, ਉਪਕਾਰੀ ਵੀਰ ਬਾਊ ਮੱਲ ਸਿੰਘ ਜੀ ਨੇ ਮੌਕਾ ਤਾੜ ਕੇ ਇਸ ਨੈਣ-ਮਗਨੀਲੇ ਅਤੇ ਹੋਸ਼-ਮਸਤੀਲੇ ਆਹੂ ਨੂੰ ਉਸੇ ਤਰ੍ਹਾਂ ਚੁਕ ਉਠਾ ਕੇ, ਬੈਠੇ ਬਿਠਾਏ ਨੂੰ ਅੰਦਰਵਾਰ ਕੀਰਤਨ-ਮੰਡਲ ਦੇ ਸਨਮੁਖ ਲਿਆ ਇਸਥਿਤ ਕੀਤਾ। ਨੀਰੋ ਨੀਰ ਹੋਏ ਇਸ ਨਵਲ ਵੈਰਾਗੀ ਵੀਰ ਨੂੰ ਕੀਰਤਨ-ਪ੍ਰੇਮੀ-ਜਨਾਂ ਨੇ ਪ੍ਰੇਮ-ਚਾਬਕ ਹੋਰ ਵੀ ਕੱਸ ਕੱਸ ਲਾਏ। ਬਸ, ਸਾਰੇ ਕੀਰਤਨ ਵਿਚ ਉਠਣੇ ਨਹੀਂ ਪਾਏ। ਉਠੇ ਨਹੀਂ, ਹਿਲੇ ਨਹੀਂ, ਜਮੁਕੇ ਨਹੀਂ। ਪ੍ਰਮਾਰਥ ਸੰਬੰਧੀ ਸੌ ਸੌ ਹੁਜਤਾਂ ਕਰਨ ਵਾਲੇ ਵੀਰ ਹਰਿਬਚਨ ਸਿੰਘ ਜੀ ਅੱਜ ਕਿਸੇ ਅਨੂਠੜੇ ਬੰਧਨਾਂ ਵਿਚ ਬੰਧੀਜੇ ਹੋਏ, ਲੱਟੂ ਹੋਏ ਬੈਠੇ ਹਨ। ਅਖੰਡ ਕੀਰਤਨ ਦਾ ਭੋਗ ਪੈ ਗਿਆ। ਨਾਲ ਲਗਦੇ ਹੀ ਅਖੰਡਪਾਠ ਅਰੰਭ ਹੋ ਗਿਆ। ਸਾਰੇ ਅਖੰਡਪਾਠ ਦੀ ਅੰਮ੍ਰਿਤ-ਵਰਖਾ ਦਿਨ ਰਾਤ ਹੁੰਦੀ ਰਹੀ।"

ਅਖੰਡਪਾਠ ਬੜੇ ਰੰਗਾਂ ਵਿਚ ਹੋਇਆ। ਉਸ ਵੇਲੇ ਇਹ ਮਰਯਾਦਾ ਜਥੇ ਦੀ ਹੁੰਦੀ ਸੀ ਕਿ ਜਾਂ ਤਾਂ ਸਾਰੇ ਸਜਣ ਆਪ ਪਾਠ ਕਰਦੇ ਸਨ ਜਾਂ ਸੁਣਦੇ ਸਨ, ਜਾਂ ਲੰਗਰ ਵਿਚ ਸੇਵਾ ਕਰਦੇ ਸਨ। ਹੋਰ ਕੋਈ ਗੱਲ-ਬਾਤ ਕਰਨ ਦਾ ਸੁਆਲ ਹੀ ਨਹੀਂ ਸੀ ਪੈਦਾ ਹੁੰਦਾ। ਸਾਰਾ ਵਕਤ ਖ਼ੂਬ ਨਾਮ-ਰੰਗਾਂ ਵਿਚ ਗੁਜ਼ਰਦਾ ਸੀ। ਸ੍ਰੀ ਅਖੰਡ-ਪਾਠ ਦੇ ਭੋਗ ਉਪਰੰਤ ਉਥੇ ਹੀ ਪੰਜਾਂ ਪਿਆਰਿਆ ਦੀ ਚੋਣ ਹੋਈ। ਅੰਮ੍ਰਿਤ-ਅਭਿਲਾਖੀ ਬੀਬੀ ਨਿਹਾਲ ਕੌਰ, ਹਰਿਬਚਨ ਸਿੰਘ ਤੇ ਹੋਰ ਸਜਣ ਤਿਆਰ-ਬਰ-ਤਿਆਰ ਹੋ ਕੇ ਪੁਜ ਗਏ। ਅੰਮ੍ਰਿਤ-ਬਾਟਾ ਤਿਆਰ ਹੋ ਗਿਆ। ਬੀਬੀ ਜੀ ਦੇ ਪਿਛੋਂ ਹਰਿਬਚਨ ਸਿੰਘ ਜੀ ਦੀ ਵਾਰੀ ਆਈ। "ਅੰਮ੍ਰਿਤ-ਬੂੰਦਾਂ ਦੇ ਦਿਬ-ਸੰਚਾਰੀ ਛੱਟੇ ਜਦੋਂ ਨੈਣਾਂ ਤੇ ਪਏ, ਬਸ, ਅੰਮ੍ਰਿਤ ਛਕਣ ਸਾਰ ਹੀ ਦਿਬ-ਜੋਤੀਸ਼ ਨਿਰੰਕਾਰ ਵਾਹਿਗੁਰੂ ਦੇ ਦਿਬ-ਦੀਦਾਰੇ ਹੋ ਗਏ।" ਉਚੀ ਉਚੀ ਸਿਮਰਨ ਚਲ ਰਿਹਾ ਸੀ ਤੇ ਬੇਸੁਧ ਹੋ ਗਏ।

"ਸੁਧਿ ਕੀ ਨ ਸੁਧਿ ਰਹੀ, ਬੁਧਿ ਅਹਿ ਨ ਬੁਧਿ ਹੈ।"

ਉਨ੍ਹਾਂ ਨੂੰ ਸ੍ਰੀ ਬਾਊ ਜੀ ਨੇ ਫੜ ਕੇ ਉਸੇ ਰੰਗ ਵਿਚ ਇਕ ਪਾਸੇ ਬਿਠਾ ਦਿਤਾ, ਜਿਥੇ ਉਹ ਸਾਰੀ ਰਾਤ ਉਸੇ ਜਗ੍ਹਾ ਨਾਮ-ਖੰਡਾ ਖੜਕਾਉਂਦੇ ਰਹੇ। ਸ੍ਰੀ ਬਾਊ ਜੀ ਉਨ੍ਹਾਂ ਦੇ ਪਾਸ ਹੀ ਅਰਾਮ ਕਰ ਰਹੇ ਸਨ ਤੇ ਅੰਮ੍ਰਿਤ ਵੇਲੇ ਉਨ੍ਹਾਂ ਨੂੰ ਨਾਲ ਲੈ ਕੇ ਇਕੱਠਾ ਹੀ ਇਸ਼ਨਾਨ ਤੇ ਨਿਤਨੇਮ ਕੀਤਾ। ਇਹ ਜਨਮ ਤੋਂ ਹੀ ਬੜੀ ਪਵਿਤਰ ਆਤਮਾ ਸਨ ਤੇ ਪਿਛੋਂ ਕੀਰਤਨ-ਸਮਾਗਮਾਂ ਵਿਚ ਕਈ ਵਾਰ ਦੇਖਿਆ ਗਿਆ ਕਿ ਇਨ੍ਹਾਂ ਦੀ ਦਸਮ ਦੁਆਰ ਦੀ ਖੇਡ ਵਾਪਰਨ ਕਰਕੇ, ਇਨ੍ਹਾਂ ਦੀ ਸੁਰਤਿ ਅਨੂਠੇ ਰੰਗਾਂ ਦੇ ਖੇੜੇ ਮਾਣਦੀ ਸੀ। ਇਕ ਵਾਰ ਰਾਵਲਪਿੰਡੀ ਵਿਖੇ ਬੀਬੀ ਇੰਦਰ ਕੌਰ ਜੀ ਦੇ ਘਰ ਕੀਰਤਨ-ਸਮਾਗਮ ਸੀ। ਆਪ ਵਾਜੇ ਤੇ ਸ਼ਬਦ ਪੜ੍ਹਨ ਲਗੇ। ਅਜੇ ਇਤਨੀ ਤੁਕ ਹੀ ਪੜ੍ਹੀ–

ਯਾਰ ਵੇ ਪ੍ਰਿਅ ਹਭੇ ਸਖੀਆ ਮੂ ਕਹੀ ਨ ਜੇਹੀਆ॥

[ਜੈਤਸਰੀ ਮ: ੫ ਛੰਤ, ਪੰਨਾ ੭੦੩

ਬਸ, ਵਾਜੇ ਤੇ ਉਂਗਲਾਂ ਉਥੇ ਹੀ ਰਹਿ ਗਈਆਂ। ਸੁਰਤੀ ਚੜ੍ਹ ਗਈ, ਬੇਸੁਧ ਹੋ ਗਏ। ਉਥੇ ਲੇਟ ਗਏ ਤੇ ਸਾਰੀ ਰਾਤ ਉਥੇ ਹੀ ਗੁਜ਼ਰੀ। ਇਹੋ ਸਨ ਗੁਰਮੁਖ ਪਿਆਰੇ ਸੂਬੇਦਾਰ ਹਰਿਬਚਨ ਸਿੰਘ ਜੀ।

[ਚਲਦਾ]



www.AKJ.Org

# ਸਰਕਾਰ ਸਿੱਖ ਪੰਥ ਨੂੰ ਇਮਤਿਹਾਨ ਵਿਚ ਨਾ ਪਾਵੇ

ਮਿਤੀ 23–2–1982 ਦੀ ਅਜੀਤ, ਅਕਾਲੀ ਪਤ੍ਰਿਕਾ ਤੇ ਹੋਰ ਅਖਬਾਰਾਂ ਵਿਚ 'ਨੈਸ਼ਨਲ ਹੈਰਲਡ' ਅਖਬਾਰ ਵਿਚ ਛਪੀ ਖਬਰ ਦੇ ਹਵਾਲੇ ਨਾਲ ਖਬਰ ਦਿੱਤੀ ਗਈ ਹੈ ਕਿ ਸਰਕਾਰ ਭਾਈ ਫੌਜਾ ਸਿੰਘ ਸ਼ਹੀਦ ਦੀ ਸੁਪੱਤਨੀ ਬੀਬੀ ਅਮਰਜੀਤ ਕੌਰ ਨੂੰ ਕਤਲ-ਕੇਸਾਂ ਵਿਚ ਫਸਾਉਣ ਲਈ ਕਈ ਗੋਂਦਾਂ ਗੁੰਦ ਰਹੀ ਹੈ।

ਬੀਬੀ ਅਮਰਜੀਤ ਕੌਰ ਆਪਣੇ ਪਤੀ ਦੀ ਸ਼ਹੀਦੀ ਮਗਰੋਂ ਕਿਸੇ ਪੁਲੀਟੀਕਲ ਸਰਗਰਮੀ ਵਿਚ ਹਿੱਸਾ ਨਹੀਂ ਲੈ ਰਹੀ। ਸਰਕਾਰ ਪਤਾ ਨਹੀਂ ਕਿਉਂ, ਅਖੰਡ ਕੀਰਤਨੀ ਜਥੇ ਦੇ ਸਿੰਘਾਂ ਸਿੰਘਣੀਆਂ ਨੂੰ ਮਨਘੜਤ ਤੇ ਝੂਠੀਆਂ ਕਹਾਣੀਆਂ ਘੜ ਕੇ ਕਤਲ-ਕੇਸਾਂ ਵਿਚ ਫਸਉਣ ਵਿਚ ਲਗੀ ਹੋਈ ਹੈ।

ਅਖੰਡ ਕੀਰਤਨੀ ਜਥੇ ਦੇ ਸਿੰਘ ਸਿੰਘਣੀਆਂ ਦਾ ਦੋਸ਼ ਕੇਵਲ ਏਨਾ ਹੀ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮਨ ਬਚ ਕਰਮ ਕਰਕੇ ਗੁਰੂ ਮੰਨਦੇ ਹਨ, ਤੇ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੁੰਦੀ ਸਹਾਰ ਨਹੀਂ ਸਕਦੇ; ਅਤੇ ਇਸਦੇ ਵਿਰੁਧ ਜ਼ੋਰਦਾਰ ਪ੍ਰੋਟੈਸਟ ਕਰਦੇ ਰਹਿੰਦੇ ਹਨ।

ਅਜ਼ਾਦ ਭਾਰਤ ਵਿਚ ਅਨੇਕਾਂ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀਆਂ ਘਟਨਾਵਾਂ ਵਾਪਰੀਆਂ ਹਨ ਅਤੇ ਇਸ ਸੰਬੰਧ ਵਿਚ ਸਰਕਾਰ ਵਲੋਂ ਕਿਸੇ ਦੋਸ਼ੀ ਨੂੰ ਵੀ ਸਜ਼ਾ ਨਹੀਂ ਦਿੱਤੀ ਗਈ, ਭਾਵ ਇਹ ਕਿ ਸਰਕਾਰ ਆਪਣੇ ਕਰਤੱਵ ਦੀ ਪਾਲਣਾ ਵਿਚ ਬੁਰੀ ਤ੍ਰਾਂ ਫੇਲ੍ਹ ਹੋਈ ਹੈ।

ਜੇ ਕੁਝ ਸਿੰਘਾਂ ਸਿੰਘਣੀਆਂ ਨੂੰ ਇਸੇ ਕਾਰਨ ਪਕੜਿਆ ਜਾ ਰਿਹਾ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਵਿਰੁਧ ਆਵਾਜ਼ ਉਠਾਂਦੇ ਰਹੇ ਹਨ ਤਾਂ ਇਸ ਫੜੋ-ਫੜੀ ਨਾਲ ਇਹ ਅਵਾਜ਼ ਬੰਦ ਨਹੀਂ ਹੋਣੀ, ਸਗੋਂ ਦੂਣ ਸਵਾਈ ਉਭਰੇਗੀ। ਅਜੇ ਹੁਣੇ ਹੀ ਫਗਵਾੜੇ ਨੇੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਹੋਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੇ ਲਈ ਕਾਨੂੰਨਨ ਘਟੋ ਘਟ ਸਜ਼ਾਏ ਮੌਤ ਹੋਣੀ ਚਾਹੀਦੀ ਹੈ। ਜੇ ਸਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਨਾਲ ਢਿਲ ਵਰਤਦੀ ਹੈ ਤਾਂ ਇਸਦਾ ਮਤਲਬ ਇਹੀ ਹੈ ਕਿ ਸਿੱਖ-ਵਿਰੋਧੀ ਅਨਸਰ ਅਤੇ ਸਰਕਾਰ ਦੋਹਾਂ ਵਲੋਂ ਸਿੱਖ ਜਨਤਾ ਨੂੰ ਚਿੜਾਇਆ ਜਾਂਦਾ ਹੈ। ਇਸ ਦਾ ਪ੍ਰਤੀਕਰਮ ਅਣ-ਸੁਖਾਵਾਂ ਹੋਣਾ ਕੁਦਰਤੀ ਗੱਲ ਹੈ।

ਮੈਂ ਸਰਕਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਰਧਾਲੂਆਂ ਵਿਰੁਧ ਅਤਿਵਾਦੀ ਪਾਲਿਸੀ ਅਖ਼ਤਿਆਰ ਕਰਨ ਤੋਂ ਸੰਕੋਚ ਕਰਨ ਦੀ ਦੋਬਾਰਾ ਪ੍ਰੇਰਨਾ ਦਿੰਦਾ ਹਾਂ। ਬੀਬੀ ਅਮਰਜੀਤ ਕੌਰ ਅਤੇ ਅੰਮ੍ਰਿਤਧਾਰੀ ਗੁਰਸਿੱਖ ਮੁਲਾਜ਼ਮਾਂ ਨੂੰ ਗੋਲੀ-ਕਾਂਡਾਂ ਨਾਲ ਸੰਬੰਧਤ ਕਰਨਾ ਸਰਕਾਰ ਨੂੰ ਮਹਿੰਗਾ ਪਵੇਗਾ।

ਅੰਮ੍ਰਿਤਧਾਰੀ ਗੁਰਸਿੱਖਾਂ ਨੂੰ ਅਤਿਵਾਦੀ ਆਖ ਆਖ ਕੇ ਭੰਡਣ ਦੀ ਕੋਝੀ ਚਾਲ ਤੋਂ ਹਰੇਕ ਸਿੱਖ ਮਾਤਰ ਦੇ ਦਿਲ ਵਿਚ ਇਹ ਤੌਖਲਾ ਪੈਦਾ ਹੋਣਾ ਸ਼ੁਰੂ ਹੋ ਗਿਆ ਹੈ ਕਿ ਇਹ ਸਭ ਕੁਝ ਸਰਕਾਰ ਦੀ ਸਿੱਖੀ ਸਰੂਪ ਨੂੰ ਮਿਟਾਉਣ ਦੀ ਗਿਣੀ ਮਿਥੀ ਪਾਲਿਸੀ-ਅਧੀਨ ਕੀਤਾ ਜਾ ਰਿਹਾ ਹੈ।

ਚੰਗਾ ਹੋਵੇ ਕਿ ਸਰਕਾਰ ਸਿੱਖ ਪੰਥ ਨੂੰ ਕਿਸੇ ਇਮਤਿਹਾਨ ਵਿਚ ਨਾ ਪਾਵੇ ਅਤੇ ਆਪਣੇ ਲਈ ਅਜਾਈਂ ਸਿਰਦਰਦੀ ਨਾ ਸਹੇੜੇ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

---

## ਕੌਰਾਲਾ ਵਿਖੇ ਸ਼ਹੀਦ ਅਵਤਾਰ ਸਿੰਘ ਨਮਿਤ ਗੁਰਮਤਿ ਸਮਾਗਮ

ਭਾਈ ਕਿਰਪਾਲ ਸਿੰਘ ਤੇ ਪਰਵਾਰ ਵਲੋਂ ਬਿਨੈ ਹੈ ਕਿ ਸ਼ਹੀਦ ਨਮਿਤ ਕੌਰਾਲਾ ਤਸੀਲ ਦਸੂਹਾ ਜ਼ਿਲਾ ਹੁਸ਼ਿਆਰ-ਪੁਰ ਵਿਖੇ ੨੫ ਤੋਂ ੨੭ ਤਕ ਸ੍ਰੀ ਅਖੰਡਪਾਠ ਹੋਣਗੇ। ਅਤੇ ੨੭ ਮਾਰਚ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਆਇ ਜੁੜੋ ਜੀ ਅਤੇ ਲਾਹੇ ਪ੍ਰਾਪਤ ਕਰੋ ਜੀ।



www.AKJ.Org

# ਗਿਆਨੀ ਦਲੀਪ ਸਿੰਘ ਜੀ ਫੁੱਲਾਂਵਾਲ ਵਿਛੜ ਗਏ !

ਗਿਆਨੀ ਦਲੀਪ ਸਿੰਘ ਜੀ ਫੁੱਲਾਂਵਾਲ (ਲੁਧਿਆਣਾ) ਬੜੇ ਪਿਆਰ ਵਾਲੇ, ਮਿਠ-ਬੋਲੇ ਤੇ ਰੰਗ-ਰਤੜੇ ਗੁਰੂ ਕੇ ਲਾਲ ਸਨ। ਉਨ੍ਹਾਂ ਦੇ ਦਰਸ਼ਨ ਕਰ ਕੇ ਮਨ ਨੂੰ ਠੰਢ ਪੈਂਦੀ ਸੀ। ਕੀਰਤਨ ਵਿਚ ਆਖ਼ਰੀ ਆਯੂ ਤਕ ਇਕ ਚੌਕੜ ਵਿਚ, ਅਰੰਭ ਤੋਂ ਲੈ ਕੇ ਭੋਗ ਤਕ ਘੰਟਿਆਂ ਬੱਧੀ ਬੈਰਾਗੀ ਦਸ਼ਾ ਵਿਚ ਐਸਾ ਟਿਕ ਕੇ ਬੈਠਣਾ ਕਿ ਲਾਗੇ ਬੈਠੇ ਪ੍ਰਾਣੀ ਵੀ ਉਨ੍ਹਾਂ ਦੀ ਟਿਕੀ ਸੁਰਤ ਦੇ ਪ੍ਰਭਾਵ ਹੇਠ ਜੁੜ ਜਾਂਦੇ।

ਆਪ ਜੀ ਦੀ ਆਤਮਾ ਬਚਪਨ ਤੋਂ ਹੀ ਗੁਰੂ ਵਰਸਾਈ ਟਿਕੀ ਹੋਈ ਰੂਹ ਸੀ। ਸਤਵੀਂ ਵਿਚ ਪੜ੍ਹਦੇ ਸਨ ਕਿ ਭਾਈ ਸਾਹਿਬ ਰਣਧੀਰ ਸਿੰਘ ਜੀ ਜਥੇ ਸਮੇਤ ਜਥੇਦਾਰ ਰਾਮ ਸਿੰਘ ਗੁਜਰਵਾਲ ਦੇ ਗ੍ਰਿਹ ਵਿਚ ਗੁਰਮਤਿ ਸਮਾਗਮ ਲਈ ਪੁਜੇ। ਗਿ: ਦਲੀਪ ਸਿੰਘ ਜੀ ਅਤੇ ਗਿ: ਹਰਿਭਜਨ ਸਿੰਘ ਜੀ ਨੇ ਉਥੇ ਸ੍ਰੀ ਅਖੰਡਪਾਠ ਇਕ ਚੌਕੜੇ ਵਿਚ ਬੈਠ ਕੇ ਸ੍ਰਵਣ ਕੀਤਾ ਅਤੇ ਉਥੇ ਹੀ ਅੰਮ੍ਰਿਤ ਪਾਨ ਕੀਤਾ। ਬਸ ਕਾਇਆਂ ਹੀ ਪਲਟ ਗਈ। ਨਾਮ-ਸਿਮਰਨ ਵਿਚ ਜੁਟ ਗਏ। ਘਰ ਵਾਲਿਆਂ ਖ਼ਾਨਦਾਨੀ ਰਹੁ-ਰੀਤ ਨੂੰ ਲੀਕ ਲਗੀ ਜਾਣ ਕੇ ਗੁੱਸਾ ਕੀਤਾ ਅਤੇ ਗਿਆਨੀ ਜੀ ਦੇ ਕੇਸ ਕਤਲ ਕਰੋਉਣ ਲਈ ਇਕ ਕਮਰੇ ਵਿਚ ਬੰਦ ਕਰ ਦਿਤਾ। ਭਾਈ ਸਾਹਿਬ ਰਣਧੀਰ ਸਿੰਘ ਜੀ ਨੂੰ ਪਿਆਰ ਵਾਲੇ ਹਿਰਦੇ ਦੀ ਤਾਰ ਨਾਰੰਗਵਾਲ ਖੜਕ ਗਈ। ਉਨ੍ਹਾਂ ਆਪਣੇ ਸੂਖਮ ਸਰੀਰ ਰਾਹੀਂ ਉਨ੍ਹਾਂ ਲਾਗੇ ਪੁਜ ਕੇ ਸ਼ਬਦ ਦਾ ਪਹਿਰਾ ਲਾ ਕੇ ਰਖਵਾਲੀ ਕੀਤੀ। ਨਾਈ ਨੇ ਜਦ ਦਸਤਾਰ ਲਾਹੁਣੀ ਚਾਹੀ ਤਾਂ ਐਸਾ ਭੈਜਲ ਦਿਖਾਈ ਦਿਤਾ ਕਿ ਘਬਰਾ ਕੇ ਨਸ ਉਠਿਆ। ਗੁਰੂ ਪਾਤਸ਼ਾਹ ਨੇ ਸੇਵਕ ਦੀ ਲਾਜ ਰਖ ਲਈ।

1915 ਈਸਵੀ ਵਿਚ ਲਾਹੌਰ ਸਾਜ਼ਸ਼ ਕੇਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਨਾਲ ਹੀ ਇਨ੍ਹਾਂ ਨੂੰ ਵੀ ਸਜ਼ਾ ਹੋ ਗਈ, ਪਰ ਛੋਟੀ ਉਮਰ ਹੋਣ ਕਰਕੇ ਤਿੰਨ ਕੁ ਸਾਲ ਦੀ ਕੈਦ ਹੀ ਕਟਣੀ ਪਈ।

ਗਿਆਨੀ ਜੀ ਬੜੀ ਆਯੂ ਤਕ ਸਕੂਲਾਂ ਵਿਚ ਬੱਚਿਆਂ ਨੂੰ ਧਰਮ-ਵਿਦਿਆ ਪੜ੍ਹਾਉਂਦੇ ਰਹੇ। ੨੩ ਸਾਲ ਤਾਂ ਆਪ ਪੂਹਲੇ (ਫੀਰੋਜ਼ਪੁਰ) ਵਿਚ ਹੀ ਟਿਕ ਕੇ ਇਹ ਸੇਵਾ ਨਿਭਾਂਦੇ ਰਹੇ। ਬੱਚਿਆਂ ਨੂੰ ਗੁਰਬਾਣੀ, ਗੁਰ ਇਤਿਹਾਸ ਤੇ ਰਹਿਤ-ਰਹਿਣੀ ਦੀ ਜਾਗ ਲਾਉਂਦੇ ਅਤੇ ਉਨ੍ਹਾਂ ਨੂੰ ਪਿਆਰੇ ਮਿਠੇ ਬਚਨਾਂ ਨਾਲ ਨਮੂਨੇ ਦੇ ਗੁਰਸਿਖ ਸਜ ਦੇ ਰਹੇ।

ਗਿਆਨੀ ਜੀ ਉਮਰ ਪਰਯੰਤ ਹੀ ਪੰਚਾਂ ਦੇ ਮੰਡਲ ਵਿਚ ਸ਼ਾਮਲ ਹੋ ਕੇ ਸੇਵਾ ਨਿਭਾਉਂਦੇ ਰਹੇ। ਬਚਪਨ ਤੋਂ ਲੈ ਕੇ ਅਖੀਰ ਤਕ ਉਨ੍ਹਾਂ ਨੇ ਸਤਸੰਗ-ਮੰਡਲਾਂ ਵਿਚ ਆਯੂ ਗੁਜ਼ਾਰੀ ਅਤੇ ਨਾਮ-ਅਭਿਆਸ ਦੀਆਂ ਅਤੁੱਟ ਕਮਾਈਆਂ ਰਜ ਰਜ ਕੇ ਕੀਤੀਆਂ। ਉਨ੍ਹਾਂ ਦੀ ਸ਼ਖ਼ਸੀਅਤ ਇਤਨੀ ਪਿਆਰੀ ਸੀ ਤੇ ਬਚਨ ਇਤਨੇ ਮਿਠੇ ਹੁੰਦੇ ਸਨ ਕਿ ਹਰ ਕੋਈ ਉਨ੍ਹਾਂ ਵਲ ਖਿਚਿਆ ਜਾਂਦਾ ਸੀ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਮਨ ਵਿਚ ਗਿ: ਦਲੀਪ ਸਿੰਘ ਜੀ ਲਈ ਜੋ ਪਿਆਰ ਦੀ ਡੂੰਘਾਈ ਸੀ, ਉਹ ਉਨ੍ਹਾਂ ਦੀ ਲਿਖਤ ਕਵਿਤਾ ਦੇ ਇਸ ਬੰਦ ਵਿਚ ਭਲੀ ਪਰਕਾਰ ਝਲਕ ਰਹੀ ਹੈ। ਇਹ ਕਵਿਤਾ "ਸਿਖੀ ਸਿਦਕ ਤੇ ਧਰਮ-ਰਖਿਆ" ਨਾਮੀ ਟ੍ਰੈਕਟ ਵਿਚੋਂ ਹੈ ਜਿਸ ਵਿਚ ਗਿਆਨੀ ਜੀ ਦੇ ਅੰਮ੍ਰਿਤ ਛਕਣ ਦੇ ਬਾਅਦ ਜੋ ਔਖੀ ਆ ਬਣੀ ਸੀ, ਉਹ ਸਾਰੇ ਹਾਲਾਤ ਕਾਵਿ-ਰੂਪ ਵਿਚ ਭਾਈ ਸਾਹਿਬ ਜੀ ਨੇ ਅੰਕਤ ਕੀਤੇ ਹਨ।

ਸਾਨੂੰ ਤਾਂਘ ਲਗੀ ਵੀਰ ਦਰਸ਼ਨਾਂ ਦੀ, ਦਰਸ਼ਨ ਪਿਆਰੜਾ ਸੁਖੀ ਲੁਧੋਲਿਆਂ ਦਾ।
ਨਹੀਂ ਜਾਨ ਪਿਆਰੀ ਨਹੀਂ ਪ੍ਰਾਨ ਪਿਆਰੇ, ਪਿਆਰਾ ਇਕ ਦੀਦਾਰ ਦੀਪੋਲਿਆਂ ਦਾ।
ਦੀਪ ਪ੍ਰੀਤ ਦੇ ਦਰਸ ਪਤੰਗਿਆਂ ਨੂੰ, ਦੁਭਰ ਛਡਣਾ ਦੀਪ ਦਾਇਰੋਲਿਆਂ ਦਾ।
ਦੀਪ-ਦਰਸ ਦੇ ਦਾਇਰੇ ਵਿਚ ਫਸ ਕੇ, ਮੁਸ਼ਕਲ ਨਿਕਲਣਾ ਦਰਸ-ਹਿਤੋਲਿਆਂ ਦਾ।



www.AKJ.Org

"ਸੇਵਕ ਕੀ ਓੜਕਿ ਨਿਬਹੀ ਪ੍ਰੀਤਿ" ਦੇ ਗੁਰ-ਹੁਕਮ ਅਨੁਸਾਰ ਆਪ ਤੋੜ ਨਿਭਾ ਗਏ ਅਤੇ 84 ਸਾਲ ਦੀ ਆਯੂ ਵਿਚ 14 ਫ਼ਰਵਰੀ 1982 ਐਤਵਾਰ ਨੂੰ ਆਪਣੇ ਪਰਵਾਰ ਤੇ ਸਿਖ ਸੰਗਤਾਂ ਨੂੰ ਵਿਛੋੜਾ ਦੇ ਕੇ ਗੁਰੂ ਚਰਨਾਂ ਵਿਚ ਜਾ ਪਧਾਰੇ ਹਨ। ਸਤਿਗੁਰੂ ਜੀ ਬਖ਼ਸ਼ਸ਼ ਕਰਨ ਤੇ ਉਨ੍ਹਾਂ ਦੇ ਸਨੇਹੀਆਂ ਅਤੇ ਅਸਾਂ ਸਾਰਿਆਂ ਨੂੰ ਉਨ੍ਹਾਂ ਦੇ ਗੁਰਮੁਖੀ ਜੀਵਨ ਦੇ ਪਾਏ ਪੂਰਨਿਆਂ ਤੇ ਚਲਣ ਦਾ ਬਲ ਬਖਸ਼ਣ।

# ਬੀਬੀ ਹਰਸ਼ਰਨ ਕੌਰ ਜੀ ਨਾਰੰਗਵਾਲ ਦਾ ਵਿਛੋੜਾ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਸਪੁੱਤਰ ਸ: ਬਲਬੀਰ ਸਿੰਘ ਜੀ ਦੀ ਸੁਪਤਨੀ ਬੀਬੀ ਹਰਸ਼ਰਨ ਕੌਰ ਸਾਰੀ ਉਮਰ ਗੁਰਸਿਖੀ ਵਾਤਾਵਰਨ ਵਿਚ ਵਿਚਰਦਿਆਂ ੩ ਜਨਵਰੀ ੧੯੮੨ ਨੂੰ ਦਸਮੇਸ਼ ਪਿਤਾ ਜੀ ਦੇ ਪ੍ਰਕਾਸ਼-ਉਤਸ਼ਵ ਸਮਾਗਮ ਸਮੇਂ ਅਕਾਲ ਚਲਾਣਾ ਕਰ ਗਏ। ਪੋਹ ਸੁਦੀ ਸਪਤਮੀ ਦੇ ਸਮਾਗਮ ਤੇ ਜੁੜੀਆਂ ਸੰਗਤਾਂ ਭਾਰੀ ਗਿਣਤੀ ਵਿਚ ਅੰਤਮ ਸੰਸਕਾਰ ਵੇਲੇ ਸ਼ਮਸ਼ਾਨ ਭੂਮੀ ਤਕ ਕੀਰਤਨ ਕਰਦੀਆਂ ਨਾਲ ਗਈਆਂ। ਭਾਈ ਸਾਹਿਬ ਜੀ ਦੇ ਗ੍ਰਹਿ ਵਿਖੇ ਜਿਵੇਂ ਕੀਰਤਨ-ਸਮਾਗਮਾਂ ਵਿਚ ਬੀਬੀ ਜੀ ਆਏ ਓਵੇਂ ਹੀ ਕੀਰਤਨ-ਸਮਾਗਮਾਂ ਵਿਚ ਗੁਰ-ਧਾਮ ਨੂੰ ਚਾਲੇ ਪਾ ਗਏ। ਬੀਬੀ ਜੀ ਨੇ ਉਮਰ ਪਰਯੰਤ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਖੂਬ ਰਜ ਰਜ ਕੇ ਸੇਵਾ ਕੀਤੀ ਅਤੇ ਖੁਸ਼ੀਆਂ ਪ੍ਰਾਪਤ ਕੀਤੀਆਂ।

---

## ਪਿੰਡ ਸਰਸੀਣੀ (ਅੰਬਾਲਾ) ਵਿਖੇ ਰੈਣ ਸਬਾਈ ਕੀਰਤਨ

ਦਾਸਾਂ ਦੇ ਗ੍ਰਹਿ ਵਿਖੇ ੨੦ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਇਹ ਪਿੰਡ ਅੰਬਾਲਾ ਤੋਂ ਚੰਡੀਗੜ੍ਹ ਰੋਡ ਉਤੇ ੮ ਕਿਲੋਮੀਟਰ ਹੈ। ਸੰਗਤਾਂ ਨੂੰ ਲਿਜਾਣ ਲਈ ਸ਼ਾਮ ਸਤ ਵਜੇ ਅੰਬਾਲਾ ਕੈਂਟ ਗੋਬਿੰਦ ਨਗਰ ਤੋਂ ਟਰਾਲੀ ਚਲੇਗੀ।

ਦਰਸ਼ਨ ਅਭਿਲਾਖੀ ਦਾਸਰਾ—ਜੋਗਿੰਦਰ ਸਿੰਘ, ਸਰਸੀਣੀ (ਅੰਬਾਲਾ)

## ਮਦਨਪੁਰ (ਪਟਿਆਲਾ) ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਹਿ ਵਿਖੇ ੨੭ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਨੂੰ ਲਿਜਾਣ ਲਈ ਰਾਜਪੁਰਾ ਬਸ ਸਟੈਂਡ ਤੇ ਟਰਾਲੀ ਦਾ ਪਰਬੰਧ ਹੋਵੇਗਾ। ਇਹ ਪਿੰਡ ਰਾਜਪੁਰਾ ਤੋਂ ਅੰਬਾਲਾ ਰੋਡ ਤੇ ੫ ਕਿਲੋਮੀਟਰ ਤੇ ਚਮਾਰੂ ਦੇ ਨੇੜੇ ਹੈ।

ਪ੍ਰਾਰਥਕ ਦਾਸਰਾ—ਹਿੰਮਤ ਸਿੰਘ, ਪਿੰਡ ਮਦਨਪੁਰ, ਡਾਕਘਰ ਚਲਹੇੜੀ, ਜ਼ਿਲਾ ਪਟਿਆਲਾ

## ਬਡਲਾ ਹੁਸ਼ਿਆਰਪੁਰ ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਹਿ ਵਿਖੇ ੧੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ਜੀ।

ਦਾਸਰਾ—ਰੇਸ਼ਮ ਸਿੰਘ, ਪਿੰਡ ਬਡਲਾ ਜ਼ਿਲਾ ਹੁਸ਼ਿਆਰਪੁਰ

---

**ਪਰਚੇ ਗੁੰਮ**—ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅੱਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿਆਂਗੇ।

**ਚਿੱਟ ਨੰਬਰ**—ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

# ਪੁਰਾਣੇ ਤੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਕਾਫ਼ੀ ਸੱਜਣਾਂ ਵਲੋਂ ਪੁੱਜੀਆਂ ਰਕਮਾਂ ਦੀਆਂ ਬੈਂਕ ਤੋਂ ਐਫ.ਡੀਆਂ ਬਣਵਾ ਦਿਤੀਆਂ ਗਈਆਂ ਹਨ। ਥਾਂ ਦੀ ਮਜਬੂਰੀ ਕਰਕੇ ਇਨ੍ਹਾਂ ਦਾ ਵੇਰਵਾ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

—ਮੈਨੇਜਰ



www.AKJ.Org

## ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਵੈਸਾਖੀ 1978 ਦੇ ਸ਼ਹੀਦਾਂ ਦੀ ਯਾਦ ਵਿਚ ਹਰ ਮੰਗਲਵਾਰ ਸ਼ਾਮ (6-30 ਤੋਂ 8-30) ਨੂੰ ਹੋ ਰਹੇ ਸਮਾਗਮਾਂ ਦਾ ਵੇਰਵਾ :–
16 ਮਾਰਚ ਗੁ. ਸ੍ਰੀ ਗੁਰੂ ਸਿੰਘ ਸਭਾ ਲੁਧਿਆਣਾ, 23 ਮਾਰਚ ਗੁਰਦਵਾਰਾ ਅਬਾਲੀ ਕਲਾਂ, 30 ਮਾਰਚ ਗੁਰਦਵਾਰਾ ਬੈਂਸ, 6 ਅਪ੍ਰੈਲ ਗੁਰਦਵਾਰਾ ਲਲਤੋਂ ਕਲਾਂ।

ਦਾਸਰਾ– ਦਰਸ਼ਨ ਸਿੰਘ ਡਾਕਟਰ, 8/9 ਪੀ. ਏ. ਯੂ. ਲੁਧਿਆਣਾ

---

## ਪਿੰਡ ਛੋਕਰਾਂ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਪ੍ਰੋ: ਦਰਸ਼ਨ ਸਿੰਘ ਜੀ ਬੇਨਤੀ ਕਰਦੇ ਹਨ ਕਿ ਉਨ੍ਹਾਂ ਦੇ ਪਿੰਡ ਛੋਕਰਾਂ, ਨੇੜੇ ਅਪਰਾ ਮੰਡੀ ਜ਼ਿਲਾ ਜਲੰਧਰ ਵਿਖੇ 22 ਮਾਰਚ ਸੋਮਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਦੀ ਸੇਵਾ ਲਈ "ਗੁਰੂ ਕੀ" ਫਿਲੌਰ ਤੋਂ ਸ਼ਾਮ ਨੂੰ 7 ਵਜੇ ਚਲੇਗੀ। ਪਰਵਾਰਾਂ ਸਮੇਤ ਪੁਜ ਕੇ ਲਾਹੇ ਪ੍ਰਾਪਤ ਕਰੋ।

---

## ਪਿੰਡ ਭੱਠੀਆਂ (ਗੁਰਦਾਸਪੁਰ) ਵਿਖੇ ਸ਼ਹੀਦ ਨਮਿਤ ਗੁਰਮਤਿ ਸਮਾਗਮ

ਸ਼ਹੀਦ ਹਰਭਜਨ ਸਿੰਘ ਜੀ ਦੀ ਯਾਦ ਵਿਚ ਉਨ੍ਹਾਂ ਦੇ ਪਿਤਾ ਸ: ਜਗਤ ਸਿੰਘ ਜੀ ਵਲੋਂ ਪਿੰਡ ਭੱਠੀਆਂ ਨੇੜੇ ਕਾਹਨੂੰਵਾਲ (ਗੁਰਦਾਸਪੁਰ) ਵਿਖੇ 1-2-3 ਅਪ੍ਰੈਲ ਨੂੰ ਸ੍ਰੀ ਅਖੰਡਪਾਠ, ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ ਸਮਾਗਮ ਰਚਾਏ ਜਾ ਰਹੇ ਹਨ। ਹਾਜ਼ਰੀਆਂ ਭਰ ਕੇ ਲਾਹੇ ਲਵੋ ਜੀ।

ਪ੍ਰਾਰਥਕ ਦਾਸਰੇ–ਅਖੰਡ ਕੀਰਤਨੀ ਜਥਾ, ਗੁਰਦਾਸਪੁਰ

---

## ਖੰਨਾ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸ: ਉਜਾਗਰ ਸਿੰਘ ਜੀ ਫਰਵਾਲੀ ਸੂਚਨਾ ਦਿੰਦੇ ਹਨ ਕਿ ਖੰਨਾ ਮੰਡੀ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ 20 ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਨਾਲ ਹੀ ਭਾ: ਗੁਰਮੁਖ ਸਿੰਘ ਜੀ ਦੇ ਗ੍ਰਿਹ 1390-ਏ, ਨਵੀਂ ਅਬਾਦੀ ਨੇੜੇ ਲਿਬੜਾ ਬਿਲਡਿੰਗ ਖੰਨਾ ਵਿਚ ਇਸੇ ਦਿਨ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

ਦਾਸਰੇ–ਅਖੰਡ ਕੀਰਤਨੀ ਜਥਾ, ਖੰਨਾ

---

## ਬਰੇਲੀ (ਯੂ. ਪੀ.) ਵਿਖੇ ਅਖੰਡ ਕੀਰਤਨ

ਯੂ. ਪੀ. ਅਤੇ ਨੇੜੇ ਤੇੜੇ ਦੀਆਂ ਸੰਗਤਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਦਾਸ ਦੇ ਗ੍ਰਿਹ ਵਿਖੇ 10 ਮਾਰਚ ਬੁਧਵਾਰ ਨੂੰ ਸਵੇਰੇ 5 ਵਜੇ ਤੋਂ ਆਸਾ ਦੀ ਵਾਰ ਉਪਰੰਤ ਅਖੰਡ ਕੀਰਤਨ 12 ਵਜੇ ਦੁਪਹਿਰ ਤਕ ਹੋਣਗੇ। ਦਰਸ਼ਨ ਬਖਸ਼ ਕੇ ਧੰਨਵਾਦੀ ਬਣਾਓ।

ਦਾਸਰਾ–ਗੁਰਚਰਨ ਸਿੰਘ (ਸੈਂਟਰਲ ਪ੍ਰਿੰ: ਪ੍ਰੈਸ ਵਾਲੇ) 16-ਏ, ਗੋਬਿੰਦ ਨਗਰ, ਮਾਡਲ ਟਾਊਨ, ਬਰੇਲੀ।

---

## ਗੁਰਦਵਾਰਾ ਕਿਲ੍ਹਾ ਲੋਹਗੜ੍ਹ, ਸ੍ਰੀ ਅੰਮ੍ਰਿਤਸਰ ਵਿਖੇ ਅਖੰਡ ਕੀਰਤਨ

ਹਰ ਮਹੀਨੇ ਦੇ ਆਖਰੀ ਐਤਵਾਰ ਨੂੰ ਜੋ ਕੀਰਤਨ ਹੁੰਦੇ ਹਨ, ਉਹ ਐਤਕੀਂ 28 ਮਾਰਚ ਸ਼ਾਮ 5 ਤੋਂ 7-30 ਤਕ ਹੋਣਗੇ। ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

ਦਾਸਰਾ–ਸੁਰਿੰਦਰ ਸਿੰਘ, ਸੇਵਾ ਸੁਸਾਇਟੀ ਗੁ: ਸ੍ਰੀ ਲੋਹਗੜ੍ਹ ਸਾਹਿਬ

---

## ਫ਼ਤਹਪੁਰ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਅਨੂਪ ਸਿੰਘ ਜੀ ਬੇਨਤੀ ਕਰਦੇ ਹਨ ਕਿ ਹਰ ਸਾਲ ਵਾਂਗ ਪਿੰਡ ਫ਼ਤਹਪੁਰ ਵਿਖੇ 20 ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ਸੰਗਤਾਂ ਨੂੰ ਲਿਜਾਣ ਲਈ ਹੁਸ਼ਿਆਰਪੁਰ ਬਸ ਅੱਡੇ ਦੇ ਪਟਰੋਲ ਪੰਪ ਲਾਗੇ ਟਰਾਲੀ ਦਾ ਪਰਬੰਧ ਹੋਵੇਗਾ। ਦਰਸ਼ਨ ਦੇ ਕੇ ਨਿਵਾਜੋ ਜੀ।

www.AKJ.Org

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

## ਐਤਵਾਰ ਸਵੇਰੇ 7 ਤੋਂ 10 ਮਾਰਚ ਬੁਧਵਾਰ ਸਵੇਰ ਤਕ

ਹਰ ਸਾਲ ਵਾਂਗ ਹੋਲਾ ਮਹੱਲਾ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ ਵਿਖੇ ਮਨਾਇਆ ਜਾ ਰਿਹਾ ਹੈ । ਸਮੂਹ ਸੰਗਤਾਂ ਸਤਿਗੁਰੂ ਦੀ ਸੇਵਾ ਵਿਚ ਪੁਜ ਕੇ ਜਨਮ ਸਫਲਾ ਕਰੋ । ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ :–

| | | |
|---|---|---|
| 7–3–82 | ਸਵੇਰੇ 5 ਵਜੇ ਅਰੰਭ ਸ੍ਰੀ ਅਖੰਡਪਾਠ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ 6 ਤੋਂ 9 ਸੋਦਰ ਦੀ ਚੌਕੀ | ਗੁਰਦਵਾਰਾ ਲੋਹਗੜ੍ਹ ਸਾਹਿਬ |
| 8–3–82 | ਸਵੇਰੇ 5 ਤੋਂ 12 ਆਸਾ ਦੀ ਵਾਰ ਤੇ ਅਖੰਡ ਕੀਰਤਨ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ 7 ਤੋਂ 9 ਅਖੰਡ ਕੀਰਤਨ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |
| 9–3–82 | ਸਵੇਰੇ 5 ਵਜੇ ਭੋਗ ਅਖੰਡਪਾਠ ਤੇ 2 ਵਜੇ ਤਕ ਕੀਰਤਨ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਬਾਅਦ ਦੁਪਹਿਰ 5 ਵਜੇ ਅੰਮ੍ਰਿਤ ਸਿੰਚਾਰ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ 7 ਵਜੇ ਅਰੰਭ ਰੈਣ ਸਬਾਈ, 10–3–82 | ਸਵੇਰੇ ਪੂਰੀ ਸਮਾਪਤੀ |

ਨੋਟ :–ਲੰਗਰ ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ (ਲੋਹਗੜ੍ਹ ਰੋਡ) ਵਿਖੇ ਹੋਵੇਗਾ ।

ਅਖੰਡ ਕੀਰਤਨੀ ਜਥੇ ਦੀਆਂ ਸਮੂਹ ਸੰਗਤਾਂ ਵਲੋਂ ਇਸ ਕੀਰਤਨ ਸਮਾਗਮ ਦੀ ਸੇਵਾ ਨਿਭਾਈ ਜਾ ਰਹੀ ਹੈ ।

ਪੁਛ ਗਿਛ–ਭਾਈ ਨਿਰੰਜਨ ਸਿੰਘ ਜੀ, 1285, ਸੈਕਟਰ 21–ਬੀ, ਚੰਡੀਗੜ੍ਹ ।
ਭਾਈ ਹਰਮਹਿੰਦਰ ਸਿੰਘ ਜੀ ਗੋਬਿੰਦਪੁਰੀ, ਸਿਖ ਨੈਸ਼ਨਲ ਕਾਲਜ, ਚਰਨ ਕੰਵਲ ਬੰਗਾ ।

ਖ਼ਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਸ੍ਰੀ ਅੰਮ੍ਰਿਤਸਰ ।

# ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਅੰਮ੍ਰਿਤਸਰ ਵਲੋਂ ਪਿੰਡਾਂ 'ਚ ਕੀਰਤਨ ਪ੍ਰੋਗਰਾਮ

13-3-82 ਸ਼ਨੀਵਾਰ 8 ਤੋਂ 11 ਰਾਤ ਗੁਰਦਵਾਰਾ ਸੰਨ੍ਹ ਸਾਹਿਬ ਬਾਸਰਕੇ
14-3-82 ਐਤਵਾਰ ਸਵੇਰੇ ਗੁਰਦਵਾਰਾ ਬਾਬਾ ਬੁੱਢਾ ਜੀ ਦੀ ਬੀੜ (ਝੁਬਾਲ)
20-3-82 ਸ਼ਨੀਵਾਰ ਰੈਣ ਸਬਾਈ ਕੀਰਤਨ ਸ਼ਹੀਦਾਂ ਦੀ ਯਾਦ ਵਿਚ ਗੁ: ਸ੍ਰੀ ਰਾਮਸਰ ਸਾਹਿਬ
27-3-82 ਸ਼ਨੀਵਾਰ ਰੈਣ ਸਬਾਈ ਕੀਰਤਨ ਪਿੰਡ ਕੁਰਾਲਾ (ਹੁਸ਼ਿਆਰਪੁਰ) ਸ਼ਹੀਦ ਅਵਤਾਰ ਸਿੰਘ ਜੀ

ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰਨ ।

# ਕਾਨ੍ਹਪੁਰ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ

ਭਾਈ ਮੋਹਨ ਸਿੰਘ ਜੀ ਗਾਰਡ ਸੂਚਨਾ ਦਿੰਦੇ ਹਨ ਕਿ ਕਾਨਪੁਰ ਵਿਖੇ ਹੇਠ ਲਿਖੇ ਅਨੁਸਾਰ ਅਖੰਡ ਕੀਰਤਨ ਹੋ ਰਹੇ ਹਨ, ਜਿਸ ਵਿਚ ਦਿੱਲੀ, ਬਰੇਲੀ, ਲਖਨਊ, ਆਗਰਾ ਅਤੇ ਹੋਰ ਦੂਰੋਂ ਨੇੜਿਓਂ ਅਖੰਡ ਕੀਰਤਨੀ ਜਥੇ ਪੁਜ ਰਹੇ ਹਨ । ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ ।

| | |
|---|---|
| 26–3–82 | ਸਵੇਰੇ ਅਖੰਡ ਕੀਰਤਨ ਗੁਰਦਵਾਰਾ ਕੀਰਤਨਗੜ੍ਹ, ਗੁਮਟੀ ਨੰਬਰ 5 |
| | ਸ਼ਾਮ ,, ,, ਗੁਰਦਵਾਰਾ ਮਾਤਾ ਸਾਹਿਬ ਕੌਰ ਚਕੇਰੀ ਲਾਲ ਬੰਗਲਾ |
| 27–3–82 | ਸਵੇਰੇ ,, ,, ਗੁਰਦਵਾਰਾ ਸਿੰਘ ਸਭਾ ਬਲਾਕ ਨੰਬਰ 4 |
| | ਰਾਤ ਰੈਣ ਸਬਾਈ ਕੀਰਤਨ ,, ,, ,, ,, 28–3–82 ਸਵੇਰੇ ਸਮਾਪਤੀ |

ਨੋਟ–ਲੋੜ ਅਨੁਸਾਰ ਪ੍ਰੋਗਰਾਮ 'ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ।

ਬਾਹਰੋਂ ਆਉਣ ਵਾਲੀਆਂ ਸੰਗਤਾਂ ਲਈ ਉਤਾਰਾ, ਰਿਹਾਇਸ਼ ਤੇ ਲੰਗਰ ਦਾ ਪ੍ਰਬੰਧ ਗੁਰੂ ਨਾਨਕ ਧਰਮਸਾਲਾ, ਕੌਸ਼ਲਪੁਰੀ ਗੁਮਟੀ ਨੰ: 5, ਕਾਨਪੁਰ ਵਿਖੇ ਹੋਵੇਗਾ ।

ਪ੍ਰਾਰਥਕ ਦਾਸਰੇ–ਅਖੰਡ ਕੀਰਤਨੀ ਜਥਾ, ਕਾਨ੍ਹਪੁਰ

www.AKJ.Org